ਈਸਟ ਏਅਰਸ਼ਾਇਰ ਵਿਚ
ਭਾਈਚਾਰਕ ਯੋਜਨਾ

# ਈਸਟ ਏਅਰਸ਼ਾਇਰ
# ਕਮਿਊਨਿਟੀ ਪਲੈਨ

# EAST AYRESHIRE
# COMMUNITY PLAN

# ਰੀਵਿਯੂ ਸਪਲੀਮੈਂਟ 2006/07

## ਈਸਟ ਏਅਰਸ਼ਾਇਰ ਵਿਚ ਭਾਈਚਾਰਕ ਯੋਜਨਾ – 'ਇੱਕ ਕੌਂਸਲ, ਇੱਕ ਯੋਜਨਾ'

ਅਪਰੈਲ 2003 ਵਿੱਚ ਈਸਟ ਏਅਰਸ਼ਾਇਰ ਦੇ ਭਾਈਚਾਰਾ ਯੋਜਨਾ ਦੇ ਭਾਈਵਾਲਾਂ ਦੁਆਰਾ 12 ਸਾਲਾਂ ਦਾ ਕਮਿਊਨਿਟੀ ਪਲੈਨ (ਭਾਈਚਾਰਕ ਯੋਜਨਾ) ਛਾਪਿਆ ਗਿਆ, ਜਿਸ ਦੀ ਪਛਾਣ ਈਸਟ ਏਅਰਸ਼ਾਇਰ ਵਿਚ ਜਨਤਕ ਸੇਵਾਵਾਂ ਦੀ ਪੇਸ਼ਗੀ ਵਾਸਤੇ ਇੱਕ ਉੱਤਮ, ਮਾਹਿਰ ਯੋਜਨਾ ਦੇ ਦਸਤਾਵੇਜ਼ ਵਜੋਂ ਹੁੰਦੀ ਹੈ ਅਤੇ ਹੇਠ ਲਿਖੇ ਅਨੁਸਾਰ, ਸਥਾਨਕ ਖੇਤਰ ਵਾਸਤੇ ਇੱਕ ਕਲਪਨਾ ਤਿਆਰ ਕਰਦਾ ਹੈ:

*''ਈਸਟ ਏਅਰਸ਼ਾਇਰ ਇੱਕ ਮਜ਼ਬੂਤ ਅਤੇ ਲਚਕਦਾਰ ਭਾਈਚਾਰੇ ਵਾਲਾ ਅਜਿਹਾ ਥਾਂ ਹੋਵੇਗਾ, ਜਿੱਥੇ ਸਾਰਿਆਂ ਕੋਲ ਬੇਹਤਰ ਪੱਧਰ ਦੀ ਜ਼ਿੰਦਗੀ ਅਤੇ ਮੌਕਿਆਂ, ਚੋਣਾਂ ਅਤੇ ਉੱਚ ਯੋਗਤਾ ਦੀਆਂ ਸੇਵਾਵਾਂ ਦੀ ਪਹੁੰਚ ਹੋਵੇਗੀ, ਜੋ ਹੌਂਸਲਾ ਦੇਣ ਵਾਲੀਆਂ, ਪਹੁੰਚ ਯੋਗ ਅਤੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰ ਸਕਨ ।''*

ਅਪਰੈਲ 2003 ਦੀ ਕਮਿਊਨਿਟੀ ਪਲੈਨਿੰਗ (ਭਾਈਚਾਰਾ ਯੋਜਨਾ) ਦੀ ਸ਼ੁਰੂਆਤ ਵਿਚ ਭਾਈਵਾਲਾਂ ਨੇ ਚਾਰ ਸਾਲਾਂ ਦੇ ਆਧਾਰ ਤੇ ਸੰਬੰਧਤ ਥਮੈਟਿਕ ਐਕਸ਼ਨ ਪਲੈਨ ਅਤੇ ਕਮਿਊਨਿਟੀ ਪਲੈਨ ਦਾ ਪੁਨਰ ਨਿਰੀਖਣ ਕਰਨ ਦੀ ਵਚਨਬੱਧਤਾ ਦੱਸੀ ਹੈ । ਪਹਿਲਾ ਅਜਿਹਾ ਪੁਨਰਨਿਰੀਖਣ 2006/07 ਨੂੰ ਕੀਤਾ ਗਿਆ ਸੀ, ਤਾਂ ਜੋ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਕਮਿਊਨਿਟੀ ਪਲੈਨ, ਉਦੇਸ਼ਾਂ ਵਾਸਤੇ ਠੀਕ ਹੈ ਅਤੇ ਐਕਸ਼ਨ ਪਲੈਨ ਦੀ ਦੁਹਰਾਈ ਹੋਈ ਸ਼੍ਰੇਣੀ ਹੈ ਅਤੇ 1 ਅਪਰੈਲ 2007 ਤੱਕ ਪੂਰੀ ਤਰ੍ਹਾਂ ਲਾਗੂ ਹੋਣ ਲਈ ਤਿਆਰ ਹੈ ।

ਭਾਈਚਾਰੇ, ਭਾਈਵਾਲਾਂ, ਅਤੇ ਹੋਰ ਮੁੱਖ ਸਟੇਕਹੋਲਡਰਾਂ ਨਾਲ ਕਈ ਤਰ੍ਹਾਂ ਦੀਆਂ ਸਲਾਹਾਂ ਨਾਲ ਇਹ ਨਿਸ਼ਚਿਤ ਹੋਇਆ ਹੈ ਕਿ 2003 ਵਿਚ ਪਛਾਣਿਆਂ ਗਈਆਂ, ਸਾਡੀਆਂ ਕਲਪਨਾਵਾਂ ਅਤੇ ਪਹਿਲਾਂ, ਅੱਜ ਵੀ ਉਤਨੀਆਂ ਹੀ ਜ਼ਰੂਰੀ ਹਨ, ਜਿੰਨੀਆਂ ਕਿ ਉਸ ਸਮੇਂ ਸਨ । ਕਮਿਊਨਿਟੀ ਪਲੈਨ ਇਸ ਕਰਕੇ, ਅਜੇ ਵੀ ਨਵਾਂ ਅਤੇ ਪ੍ਰਚਲਿਤ ਹੈ ਅਤੇ ਇਸ ਰੀਵਿਊ ਸਪਲੀਮੈਂਟ ਨੂੰ ਅਸਲ ਦਸਤਾਵੇਜ਼ ਦੇ ਇਕੱਠ ਦੇ ਰੂਪ ਵਿਚ ਪੜ੍ਹਨਾ ਚਾਹੀਦਾ ਹੈ ।

ਈਸਟ ਏਅਰਸ਼ਾਇਰ ਵਿਚ ਦੂਸਰੇ ਏਜੰਸੀ ਭਾਈਵਾਲਾਂ ਦੁਆਰਾ, ਸੇਵਾਵਾਂ ਦੀ ਪੇਸ਼ਗੀ ਵਾਸਤੇ, ਭਾਈਚਾਰਕ ਯੋਜਨਾ ਢਾਂਚਾ ਪ੍ਰਦਾਨ ਕਰਦੀ ਹੈ । ਸਹਿਯੋਗੀ ਥੀਮੈਟਿਕ ਐਕਸ਼ਨ ਪਲੈਨਸ 2007 ਤੋਂ ਲੈ ਕੇ 2011 ਤੱਕ, ਭਾਈਵਾਲਾਂ ਦੁਆਰਾ ਅਗ੍ਹਾਂ ਲੈ ਜਾਣ ਵਾਲੀ ਇਕੱਠੀ ਕ੍ਰਿਆ ਦਾ ਵਿਸਥਾਰ ਦੱਸਦਾ ਹੈ, ਪਰ ਈਸਟ ਏਅਰਸ਼ਾਇਰ ਦੀ ਕਲਪਨਾ ਨੂੰ ਪ੍ਰਾਪਤ ਕਰਨ ਵਾਸਤੇ ਭਾਈਵਾਲਾਂ ਦੁਆਰਾ ਪੇਸ਼ ਕੀਤੀ ਗਈ ਕ੍ਰਿਆ ਦੀ ਕੁੱਲਤਾ ਦਾ ਪ੍ਰਤਿਨਿੱਧ ਨਹੀਂ ਕਰਦਾ ।

ਵਿਅਕਤੀਗਤ ਸੰਸਥਾਵਾਂ ਦੀ ਮੁੱਖਧਾਰਾ ਕ੍ਰਿਆ ਪਾਰਟਨਟ ਏਜੰਸੀ ਪਲਾਨਾਂ ਦੀ ਰੇਂਜ ਵਿਚ ਵਿਸਥਾਰ ਨਾਲ ਦਿੱਤੇ ਗਏ ਹਨ ਜੋ, ਕਿ ਪੂਰੀ ਤਰ੍ਹਾਂ ਨਾਲ ਕਮਿਊਨਿਟੀ ਪਲਾਨ ਨਾਲ਼ ਜੁੜੇ ਹਨ । ਕਮਿਊਨਿਟੀ ਪਲਾਨਿੰਗ ਦੇ ਢਾਂਚੇ ਵਿਚ, ਹੋਰ ਮੌਕੇ ਜੋ ਸੇਵਾਵਾਂ ਨੂੰ ਜੋੜਦੇ ਹਨ ਤਾਂ ਜੋ ਇਹ ਨਿਸ਼ਚਿਤ ਹੋ ਸਕੇ ਕਿ ਕਾਰਜਵਿਧੀ ਸੇਵਾ ਦੀ ਵਰਤੋਂ ਕਰਨ ਵਾਲਿਆਂ ਨੂੰ ਸਭ ਤੋਂ ਵੱਧ ਫ਼ਾਇਦਾ ਦੇਣ ਵਿਚ ਸਮਰੱਥ ਹੈ, ਜਿਵੇਂ ਕਿ ਇੰਟੇਗਰੇਟਿਡ ਚਿਲਡਰਨਸ ਸਰਵਿਸ ਪਲਾਨ ਅਤੇ ਜੌਇੰਟ ਫ਼ਯੂਚਰਸ ।

## ਸਾਡੇ ਨਿਰਦੇਸ਼ ਦੇਣ ਵਾਲੇ ਅਸੂਲ ਅਤੇ ਸਾਂਝੀ ਵਚਨਬੱਧਤਾ

ਕਮਿਊਨਿਟੀ ਪਲਾਨਿੰਗ, ਪਛਾਣਿਆਂ ਗਈਆਂ ਪਹਿਲਾਂ ਦੀ ਪਛਾਣ ਅਤੇ ਪਹਿਲ ਕਰਨ ਵਾਸਤੇ ਅਤੇ ਕੀ ਕਰਨ ਦੀ ਲੋੜ ਹੈ ਅਤੇ ਯੋਜਨਾ ਬਨਾਉਣ ਵਾਸਤੇ ਅਤੇ ਇਕਸਾਰਤਾ ਅਤੇ ਇਸ ਵੱਲ ਕਦਮ ਚੱਕੇ ਜਾਣ ਵਾਸਤੇ ਕਮਿਊਨਿਟੀ, ਜਨਤਕ, ਨਿਜੀ ਅਤੇ ਸਵੈ–ਇੱਛਤ ਵਰਗਾਂ ਨੂੰ ਇਕੱਠਿਆਂ ਕਰਦੀ ਹੈ । ਸਾਡੇ ਨਿਰਦੇਸ਼ ਅਸੂਲ ਜੋ ਕਿ ਕਮਿਊਨਿਟੀ ਪਲ਼ਾਨ ਵਿਚ ਦੱਸੇ ਗਏ ਹਨ, ਹਾਲੇ ਵੀ ਸਾਰੀ ਯੋਜਨਾ ਨਾਲ਼ ਭਾਈਚਾਰਕ ਹਿੱਸੇਦਾਰੀ ਨਾਲ ਸੰਬੰਧਤ ਹਨ ।

ਇਹ ਨਿਸ਼ਚਿਤ ਕਰਨ ਵਾਸਤੇ ਕਿ ਕਮਿਊਨਿਟੀ ਪਲਾਨਿੰਗ ਦਾ ਤਰੀਕਾ ਅਨੁਕੂਲ ਹੈ ਅਤੇ ਈਸਟ ਏਅਰਸ਼ਾਇਰ ਵਿਚ ਰਹਿਣ ਵਾਲੇ ਸਾਰੀਆਂ ਦੀ ਲੋੜਾਂ ਦੀ ਪੂਰਤੀ ਕਰਨਾ ਜਾਰੀ ਰੱਖਦਾ ਹੈ, ਅਸੀਂ ਉਸ ਤਰੀਕੇ ਨਾਲ ਕੰਮ ਕਰਨ ਦੇ ਵਚਨਬੱਧ ਹਾਂ, ਜੋ ਕਿ ਦੱਸਦਾ ਹੈ ਕਿ ਅਸੀਂ:

- ਸਮਾਜਕ ਨਿਆਂ ਅਤੇ ਸਮਾਜਕ ਵਿਧਿਆਂ ਨੂੰ ਸ਼ਾਮਲ ਕਰਨ ਨੂੰ ਵਧਾਵਾ ਦਵਾਂਗੇ;
- ਸਥਾਨਕ ਸੇਵਾਵਾਂ ਵਿਚ ਭਾਈਚਾਰੇ ਦੀ ਹਿੱਸੇਦਾਰੀ ਦੀ ਯੋਜਨਾ ਅਤੇ ਵਿਕਾਸ ਦੇ ਪ੍ਰਭਾਵ ਨੂੰ ਨਿਸ਼ਚਿਤ ਕਰਾਂਗੇ;
- ਇਕੱਠੇ ਕੰਮ ਕਰਨ ਅਤੇ ਲੋਕਾਂ ਦੀ ਹਿੱਸੇਦਾਰੀ ਨਾਲ ਕੰਮ ਕਰਨ ਵਿਚ ਕਾਮਯਾਬੀ ਦਵਾਂਗੇ;
- ਯੋਗਤਾ ਅਤੇ ਪਹੁੰਚ ਨੂੰ ਨਿਸ਼ਚਿਤ ਕਰਨਾ;
- ਜੋ ਵੀ ਅਸੀਂ ਕਰਦੇ ਹਾਂ, ਉਸ ਨੂੰ ਜਾਰੀ ਰੱਖਣਾ ਨੂੰ ਵਧਾਵਾਂਗੇ; ਅਤੇ
- ਲਗਾਤਾਰ ਸੁਧਾਰ ਅਤੇ ਜ਼ਿਆਦਾ ਮਹੱਤਵ ਦੀ ਪੇਸ਼ਗੀ ਕਰਾਂਗੇ

ਈਸਟ ਏਅਰਸ਼ਾਇਰ ਵਿਚ ਇਕੱਠੇ ਮਿਲ ਕੇ ਕੰਮ ਕਰਨ ਦੀ ਕਾਮਯਾਬੀ ਦੇ ਤਜ਼ਰਬੇ ਨੇ, ਕਮਿਊਨਿਟੀ ਪਲਾਨਿੰਗ ਪਾਰਟਨਰਜ਼ ਨੂੰ ਹੇਠ ਲਿਖੇ ਕਈ ਤਰ੍ਹਾਂ ਦੇ ਮਾਹਿਰ ਵਚਨਬੱਧਤਾ ਦੀ ਪਛਾਣ ਕਰਾਈ ਹੈ:

- **ਸਾਂਝੇ ਇੰਤਜ਼ਾਮ ਪ੍ਰਬੰਧਾਂ ਦੇ ਨਾਲ਼ ਸਾਂਝੀਆਂ ਸੇਵਾਵਾਂ:** ਬੇਹਤਰ ਯੋਜਨਾ ਅਤੇ ਵਿਕਾਸ ਲਈ ਇਕੱਠੇ ਮਿਲ ਕੇ ਕੰਮ ਕਰਨਾ ਅਤੇ ਇਕੱਠੇ ਸਥਾਨਕ ਸੇਵਾਵਾਂ ਦੀ ਪੇਸ਼ਗੀ ਕਰਨੀ;
- **ਸਾਂਝੇ ਅਦਾਰੇ:** ਇਸ ਗੱਲ ਨੂੰ ਨਿਸ਼ਚਿਤ ਕਰਨਾ ਕਿ ਥਾਂ ਦੀ ਅਦਲਾ–ਬਦਲੀ ਰਾਹੀਂ ਕਈ ਜਨਤਕ ਸੇਵਾਵਾਂ ਤਕ ਸੁਧਰੀ ਹੋਈ ਪਹੁੰਚ ਪ੍ਰਦਾਨ ਕਰਨਾ;
- **ਯੋਜਨਾ ਅਤੇ ਢਾਂਚਿਆਂ ਨੂੰ ਸੁਧਾਰਨਾ**: ਹਰ ਇੱਕ ਮੌਕੇ ਦੀ ਵਰਤੋਂ ਕਰ,ਭਾਈਚਾਰਕ ਯੋਜਨਾ ਨੂੰ ਈਸਟ ਏਅਰਸ਼ਾਇਰ ਵਾਸਤੇ ਉੱਚਤਮ ਯੋਜਨਾ ਦਾ ਦਸਤਾਵੇਜ਼ ਬਣਾ ਕੇ ਇਸ ਦੇ ਕੰਮ ਨੂੰ ਵਧਾਉਣਾ, ਅਤੇ ਯੋਜਨਾ ਦੀ ਗਿਣਤੀ ਨੂੰ ਘਟਾਉਣਾ ਜੋ ਕਿ ਇਸ ਗੱਲ ਨੂੰ ਨਿਸ਼ਚਿਤ ਕਰਦਾ ਹੈ, ਕਿ ਭਾਈਚਾਰਕ ਯੋਜਨਾ ਵਿਆਪਕ ਹੈ ਅਤੇ ਸਥਾਨਕ, ਖੇਤਰ ਅਤੇ ਕੌਮੀ ਪਹਿਲਾਂ ਨੂੰ ਸ਼ਾਮਲ ਕਰਨਾ ।
- **ਇਕੱਠੀ ਸਲਾਹ ਅਤੇ ਹਿੱਸੇਦਾਰੀ:** ਸਥਾਨਕ ਵਿਸ਼ਿਆਂ ਨੂੰ ਪਛਾਨਣ ਵਾਸਤੇ ਇੱਕ ਸਾਂਝੇ ਵਸਨੀਕਾਂ ਦੇ ਸਰਵੇਖਣ ਨੂੰ ਸ਼ਾਮਲ ਕਰਨਾ ਅਤੇ ਸਥਾਨਕ ਸਲਾਹ ਵਾਸਤੇ ਇੱਕਸਾਰ ਪਹੁੰਚ ਨਿਸ਼ਚਿਤ ਕਰਨ ਲਈ ਵਸਨੀਕਾਂ ਦੇ ਪੈਨਲ ਦੀ ਸਥਾਪਨਾ ਕਰਨੀ;
- **ਇਕੱਠੀ ਸਲਾਹ:** ਹਿੱਸੇਦਾਰ ਏਜੰਸਿਆਂ ਨੂੰ ਕਈ ਪ੍ਰਕਾਰ ਦੀਆਂ ਸੇਵਾਵਾਂ ਪ੍ਰਦਾਨ ਕਰਨੀਆਂ ਤਾਂ ਜੋ ਕ੍ਰਿਆ ਦੇ ਦੋਹਰੇਪਨ ਨੂੰ ਘਟਾਇਆ ਜਾ ਸਕੇ ਅਤੇ ਨੈੱਟਵਰਕਿੰਗ ਮੌਕੇ ਪ੍ਰਦਾਨ ਕੀਤੇ ਜਾ ਸਕਨ
- **ਇਕੱਠੇ ਜਾਣਕਾਰੀ ਨੂੰ ਸਾਂਝਾ ਕਰਨਾ**: ਭਾਈਵਾਲ ਏਜੰਸੀ ਅੰਕਸ਼ਾਸਤ੍ਰੀ, ਖੋਜ ਅਤੇ ਜਾਂਚ ਸਟਾਫ਼ ਨੂੰ ਇਕੱਠੇ ਕੰਮ ਕਰਨਾ ਤਾਂ ਜੋ ਕ੍ਰਿਆ ਦੇ ਮੁੱਖ ਖੇਤਰਾਂ ਦੀ ਕਈ ਪ੍ਰਕਾਰ ਦੀ ਜਾਣਕਾਰੀ ਸਾਂਝੀ ਕੀਤੀ ਜਾ ਸਕੇ, ਈਸਟ ਏਅਰਸ਼ਾਇਰ ਦੇ ਖੇਤਰ ਵਾਸਤੇ ਯੋਜਨਾ ਦੀ ਜਾਣਕਾਰੀ ਵਾਸਤੇ ਅਤੇ ਸੇਵਾਵਾਂ ਦੀ ਪੇਸ਼ਗੀ ਵਾਸਤੇ ਮੁੱਖ ਅੰਕੜੇ ਪ੍ਰਦਾਨ ਕਰਨਾ ਅਤੇ ਕਾਰਜਕ੍ਰਮਾਂ ਦੀ ਪ੍ਰਭਾਵਸ਼ਾਲੀ ਜਾਂਚ ਅਤੇ ਮੁਲਾਂਕਣ ਪ੍ਰਦਾਨ ਕਰਨਾ; ਅਤੇ
- **ਇੱਕਠੇ ਜਾਂਚ ਅਤੇ ਮੁਲਾਂਕਣ:** ਇੱਕਠੇ ਫ਼ੰਡ ਕੀਤੇ ਪ੍ਰਾਜੈਕਟਾਂ ਵਾਸਤੇ ਜਾਂਚ ਅਤੇ ਮੁਲਾੱਕਣ ਦੀ ਪ੍ਰਕ੍ਰਿਆ ਦੀ ਵਚਨਬੱਧਤਾ ।

## ਬਾਹਰਲਾ ਵਾਤਾਵਰਨ

ਅਪਰੈਲ 2003 ਤੋਂ ਕਮਿਊਨਿਟੀ ਪਲਾਨ ਦੀ ਛਪਾਈ ਤੋਂ, ਕਈ ਤਰ੍ਹਾਂ ਦੇ ਨਵੇਂ ਅਤੇ ਸਾਮ੍ਹਣੇ ਆ ਰਹੀਆਂ ਯੋਜਨਾਵਾਂ ਹਨ, ਜੋ ਕਮਿਊਨਿਟੀ ਪਲਾਨਿੰਗ ਪਾਰਟਨਰਜ਼ ਦੱਸਣਾ ਚਾਹੁੰਦੇ ਹਨ । ਇਸ ਦੇ ਨਾਲ਼ ਹੀ ਭਾਈਚਾਰੇ ਵਿਚ ਕੰਮ ਕਰਨਾ ਹੁਣ, **ਲੋਕਲ ਗਵਰਨਮੈਂਟ ਇਨ ਸਕਾਟਲੈਂਡ ਐੱਕਟ 2003** ਰਾਹੀਂ ਕਾਨੂੰਨ ਵਿਚ ਸੁਰੱਖਿਅਤ ਹੈ ।

ਇਸ ਐੱਕਟ ਦੇ ਤਿੰਨ ਮੁੱਖ ਤੱਤ ਹਨ, ਅਤੇ ਹਰ ਇੱਕ ਈਸਟ ਏਅਰਸ਼ਾਇਰ ਵਾਸਤੇ ਸਾਡੇ ਸਪਨੇ ਦੀ ਪ੍ਰਾਪਤੀ ਵਿਚ ਮਦਦ ਕਰਦਾ ਹੈ:

- ਕਮਿਊਨਿਟੀ ਪਲਾਨਿੰਗ (ਭਾਈਚਾਰਕ ਯੋਜਨਾ) ਦਾ ਫ਼ਰਜ, ਜੋ ਕਿ ਭਾਈਵਾਲਾਂ ਅਤੇ ਭਾਈਚਾਰਿਆਂ ਵਿਚ ਪ੍ਰਭਾਵਸ਼ਾਲੀ ਭਾਈਵਾਲੀ ਨਾਲ ਕੰਮ ਕਰਨ ਦੀ ਲੰਮੇ ਸਮੇਂ ਦੀ ਵਚਨਬੱਧਤਾ ਨੂੰ ਨਿਸ਼ਚਿਤ ਕਰਦਾ ਹੈ;
- ਬੇਹਤਰ ਮਹੱਤਵ ਦਾ ਫ਼ਰਜ, ਜੋ ਸੇਵਾਵਾਂ ਦੀ ਪੂਰਤੀ ਵਿਚ ਲਗਾਤਾਰ ਸੁਧਾਰ ਨੂੰ ਨਿਸ਼ਚਿਤ ਕਰਦੀ ਹੈ; ਅਤੇ
- ਜ਼ਿਆਦਾ ਸੁਖਸਾਂਦ ਦੀ ਸਮਰੱਥਾ, ਜੋ ਸਥਾਨਕ ਅਧਿਕਾਰ ਨੂੰ ਇਸ ਦੇ ਭਾਈਵਾਲਾਂ ਨਾਲ ਇਸ ਦੇ ਭਾਈਚਾਰਿਆਂ ਦੀ ਲੋੜਾਂ ਦਾ ਜਵਾਬ ਨਵ ਪਰਿਵਰਤਨ ਅਤੇ ਹੋਰ ਰਚਨਾਤਮਕ ਤਰੀਕੇ ਨਾਲ ਦੇਣ ਵਾਸਤੇ ਸਮਰਥ ਕਰਦੀ ਹੈ ।

ਕਮਿਊਨਿਟੀ ਪਲਾਨਿੰਗ (ਭਾਈਚਾਰਕ ਯੋਜਨਾ) ਵਾਸਤੇ ਮਜ਼ਬੂਤ ਅਤੇ ਸਹਾਰਾ ਪ੍ਰਦਾਨ ਕਰਨ ਵਾਲਾ ਕਾਨੂੰਨੀ ਢਾਂਚਾ ਪ੍ਰਦਾਨ ਕਰਦੇ ਹੋਏ, ਐਕਟ, ਇਸ ਦੇ ਭਾਈਵਾਲਾਂ ਤੋਂ ਕਾਨੂੰਨੀ ਲੋੜਾਂ ਦੀ ਪੂਰਤੀ ਕਰਨ ਦੀ ਚਲ ਰਹੀ ਵਚਨਬੱਧਤਾ ਦੀ ਮੰਗ ਕਰਦਾ ਹੈ । ਕਮਿਊਨਿਟੀ ਪਲਾਨਿੰਗ ਵਾਸਤੇ ਸਾਡੀ ਵਚਨਬੱਧਤਾ ਸਦਾ ਸਭ ਤੋਂ ਉੱਚੀ ਰਹੀ ਹੈ ਅਤੇ ਭਾਈਵਾਲਾਂ ਨੇ ਇੱਕ ਮਜ਼ਬੂਤ ਕ੍ਰਿਆ ਦੀ ਸਥਾਪਨਾ ਕੀਤੀ ਹੈ, ਜੋ ਅਸਲੀ ਫ਼ਾਇਦੇ ਵਖਾ ਰਿਹਾ ਹੈ ਅਤੇ ਕੌਮੀ ਤੌਰ ਤੇ ਪਛਾਣਿਆ ਜਾ ਰਿਹਾ ਹੈ । ਇਹ ਸਾਫ਼ ਤੌਰ ਤੇ **ਦ ਔਡਿਟ ਆਫ਼ ਬੈਸਟ ਕਮਿਊਨਿਟੀ ਪਲਾਨਿੰਗ,** 2006 ਦੀਆਂ ਖੋਜਾਂ ਵਿਚ ਦਰਸਾਇਆ ਗਿਆ ਹੈ ।

**ਈਸਟ ਏਅਰਸ਼ਾਇਰ ਕੌਂਸਲ: ਦ ਔਡਿਟ ਆਫ਼ ਬੈਸਟ ਵੈਲਯੂ ਐਂਡ ਕਮਿਊਨਿਟੀ ਪਲਾਨਿੰਗ, 2006**

*''ਸਾਥੀ ਭਾਈਵਾਲਾਂ ਨੇ ਰਿਪੋਰਟ ਕੀਤੀ ਹੈ ਕਿ ਕੌਂਸਲ ਬਹੁਤ ਚੰਗੇ ਤਰੀਕੇ ਨਾਲ਼ ਸੰਗਠਿਤ ਹੈ ਅਤੇ ਇਸ ਦਾ ਢਾਂਚਾ ਕਮਿਊਨਿਟੀ ਪਲਾਨਿੰਗ ਯੂਨਿਟ ਦੀ ਉੱਚ ਮਦਦ ਨਾਲ਼ ਬਣਿਆ ਹੈ ।''*

*''ਇਕੱਠੇ ਕੰਮ ਕਰਨਾ ਇੱਕ ਮੁੱਖ ਤਾਕਤ ਹੈ ਜੋ ਕਿ ਕਮਿਊਨਿਟੀ ਪਲਾਨਿੰਗ ਵਿਚ ਸਾਫ਼ ਨਜ਼ਰ ਆਉਂਦੀ ਹੈ.......*

*ਇਸ ਦਾ ਸਬੂਤ ਹੈ ਕਿ ਕੌਂਸਲ ਇਕੱਠੇ ਕੰਮ ਕਰਨ ਅਤੇ ਕਮਿਊਨਿਟੀ ਪਲਾਨਿੰਗ ਨਾਲ ਬੇਹਤਰ ਕੰਮ ਕਰਦੀ ਹੈ''*

*ਅਕਾਉਂਟ ਕਮੀਸ਼ਨ ਦੀਆਂ ਖੋਜਾਂ ਅਨੁਸਾਰ*

*''ਇਹ ਖਾਸ ਕਰ ਕੇ ਕਮਿਊਨਿਟੀ ਪਲਾਨਿੰਗ ਵਿਚ ਚੰਗਾ ਕੰਮ ਕਰਦੀ ਹੈ''*

*''ਇਸ ਨੇ ਕਮਿਊਨਿਟੀ ਪਲਾਨਿੰਗ ਵਿਚ ਬਹੁਤ ਚੰਗੀ ਕਾਮਯਾਬੀ ਪ੍ਰਾਪਤ ਕੀਤੀ ਹੈ ਜਿਸ ਵਿਚ ਇਹ ਦੂਸਰੀਆਂ ਕੌਂਸਲਾਂ ਨਾਲੋਂ ਅਗ੍ਹਾਂ ਹੈ''*

ਈਸਟ ਏਅਰਸ਼ਾਇਰ ਦੀ ਰਿਪੋਰਟ ਮਗਰੋਂ ਔਡਿਟ ਸਕਾਟਲੈਂਡ ਦੀ ਟੀਮ ਨਾਲ ਇੰਟਰਵਿਊ

ਇਸ ਦੇ ਨਾਲ਼ ਹੀ, **2006 ਵਿਚ ਔਡਿਟ ਸਕਾਟਲੈਂਡ ਦੁਆਰਾ ਕਮਿਊਨਿਟੀ ਪਲਾਨਿੰਗ ਭਾਈਵਾਲੀ ਦੇ ਕੌਮੀ ਮੁੜਵਿਚਾਰ ਨੇ** ਕਈ ਪ੍ਰਕਾਰ ਦੇ ਕੌਮੀ ਵਿਸ਼ਿਆਂ ਨੂੰ ਵਿਸ਼ੇਸ਼ਤਾ ਦਿੱਤੀ ਹੈ, ਜਿਨ੍ਹਾਂ ਨੂੰ ਨਜਿੱਠੇ ਜਾਣ ਦੀ ਲੋੜ ਹੈ, ਜੇਕਰ ਸੇਵਾਵਾਂ ਦੀ ਯੋਜਨਾ ਅਤੇ ਪੇਸ਼ਗੀ ਵਾਸਤੇ ਇਸ ਦੀ ਵਰਤੋਂ ਕਰਨੀ ਹੈ ਤਾਂ ਕਮਿਊਨਿਟੀ ਪਲਾਨਿੰਗ ਦਾ ਅਗ੍ਹਾਂਹ ਵਿਕਾਸ ਕਰਨ ਦੀ ਲੋੜ ਹੈ । ਇਸ ਮੁੜਵਿਚਾਰ ਨੇ ਈਸਟ ਏਅਰਸ਼ਾਇਰ ਦੇ ਵਿਚ ਕਈ ਚੰਗੇ ਕੰਮਾਂ ਦੀ ਵਿਸ਼ੇਸ਼ਤਾ ਬਾਰੇ ਪ੍ਰਕਟਾਵਾ ਕੀਤਾ ਹੈ ਅਤੇ ਅਸੀਂ ਕੁਲ ਮਿਲਾ ਕੇ ਇੱਕ ਅਰਥਪੂਰਣ ਕਾਮਯਾਬੀ ਨੂੰ ਦਰਸ਼ਾ ਸਕਦੇ ਹਾਂ । ਈਸਟ ਏਅਰਸ਼ਾਇਰ ਵਿਚ ਕਮਿਊਨਿਟੀ ਪਲਾਨਿੰਗ (ਭਾਈਚਾਰਕ ਯੋਜਨਾ) ਭਾਈਵਾਲਾਂ ਵਾਸਤੇ ਵੰਗਾਰਾ ਇਹ ਹਨ ਕਿ ਅਸੀਂ ਇਕੱਠੇ ਮਿਲ ਕੇ ਇਨ੍ਹਾਂ ਦਾ ਪ੍ਰਗਟਾਵਾ ਕਰਨਾ ਜਾਰੀ ਰੱਖ ਸਕਦੇ ਹਾਂ:

- ਭਾਈਚਾਰੇ ਦੀ ਹਿੱਸੇਦਾਰੀ ਦੇ ਸੰਬੰਧ ਵਿਚ ਸਾਡੇ ਕਾਮਯਾਬ ਅਭਿਆਸ ਨੂੰ ਬਨਾਉਣਾ ਅਤੇ ਇਸ ਗੱਲ ਨੂੰ ਨਿਸ਼ਚਿਤ ਕਰਨਾ ਕਿ ਸਾਡਾ ਸਥਾਨਕ ਭਾਈਚਾਰਾ, ਭਾਈਚਾਰਾ ਯੋਜਨਾ ਪ੍ਰਕ੍ਰਿਆ ਵਿਚ ਸ਼ਾਮਲ ਹੈ ਅਤੇ ਇਸ ਬਾਰੇ ਜਾਣੂ ਹੈ;
- ਇਸ ਗੱਲ ਬਾਰੇ ਯਕੀਨੀ ਬਨਾਉਣਾ ਕਿ ਉਚਿੱਤ ਸੰਸਥਾਵਾਂ ਭਾਈਚਾਰੇ ਦੀ ਯੋਜਨਾ ਵਿਚ ਪੂਰੀ ਤਰ੍ਹਾਂ ਹਿੱਸਾ ਲੈਂਦੀਆਂ ਹਨ ਅਤੇ ਇਸ ਪ੍ਰਕ੍ਰਿਆ ਵਿਚ ਆਪਣੀ ਹਿੱਸੇਦਾਰੀ ਨੂੰ ਮਜ਼ਬੂਤ ਬਣਾਉਂਦੀਆਂ ਹਨ;
- ਸੇਵਾਵਾਂ ਦੀ ਯੋਜਨਾ ਅਤੇ ਇੱਕਸਾਰਤਾ ਵਿਚ ਜ਼ਿਆਦਾ ਹਿੱਸਾ ਪਾਉਣਾ, ਉਦਾਹਰਣ ਵਜੋਂ ਨਤੀਜਿਆਂ ਦੇ ਇਕਰਾਰਨਾਮੇ ਰਾਹੀਂ ਇਕਰਾਰ ਕੀਤੀਆਂ ਪਹਿਲਾਂ ਨੂੰ ਪ੍ਰਾਪਤ ਕਰਨਾ, ਜੋ ਕਿ ਭਾਈਚਾਰਾ ਯੋਜਨਾ ਦੇ ਭਾਈਵਾਲਾਂ ਦੁਆਰੇ ਸਾਂਝੇ ਕੀਤੇ ਜਾਂਦੇ ਹਨ;
- ਭਾਈਚਾਰੇ ਦੇ ਨੇਤਾਗਰੀ ਅਤੇ ਸਥਾਨਕ ਅਧਿਕਾਰ ਦੀ ਲੋਕਰਾਜਕਤਾ ਅਧਿਆਦੇਸ਼ ਦੀ ਉਸਾਰੀ ਕਰ ਭਾਈਚਾਰਾ ਯੋਜਨਾ ਦੀ ਲੋਕਰਾਜਕਤਾ ਜਵਾਬਦੇਹੀ ਨੂੰ ਮਜ਼ਬੂਤ ਕਰਨਾ; ਅਤੇ
- ਸਥਾਨਕ ਅਤੇ ਖੇਤਰ ਪੱਧਰ ਦੀ ਹੋਂਦ ਵਿਚ ਹੋਣ ਵਾਲੀਆਂ ਕਈ ਭਾਈਵਾਲੀਆਂ ਅਤੇ ਢਾਂਚਿਆਂ ਦੀ ਉੱਤਰਦਾਇੱਤਵ ਵਿਚ ਮਦਦ ਕਰਨੀ ।

ਸਕਾਟਿਸ਼ ਐਗਜ਼ੈਕਟਿਵ ਨੇ ਮਾਰਚ 2006 ਵਿਚ ਆਪਣੀ **ਪੀਪਲ ਐਂਡ ਪਲੇਸ ਰੀਜੈਨਰੇਸ਼ਨ ਪਾਲ਼ਿਸੀ ਸਟੇਟਮੈਂਟ** ਨੂੰ ਛਾਪਿਆ । ਇਹ ਨੀਤੀ ਪਛਾਣ ਕਰਦੀ ਹੈ ਕਿ ਭਾਈਚਾਰਿਆਂ ਨੂੰ ਮੁੜ ਸਥਾਪਿਤ ਕਰਨ ਵਾਸਤੇ ਤੁਹਾਨੂੰ ਅਰਥ ਵਿਵਸਥਾ ਨੂੰ ਵਧਾਉਣ, ਗਰੀਬੀ ਅਤੇ ਪਿਛੜੇ ਹੋਏ ਭਾਈਚਾਰਿਆਂ ਨੂੰ ਨਜਿੱਠਨ ਅਤੇ ਕਾਇਮ ਰਹਿ ਸਕਨ ਵਾਲੇ ਭਾਈਚਾਰਿਆਂ ਨੂੰ ਬਨਾਉਣ ਦੀ ਲੋੜ ਹੈ, ਇਹ ਸਭ ਦੱਸੇ ਗਏ ਭਾਈਚਾਰੇ ਯੋਜਨਾ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ
ਹੈ ।

ਕਲਾਈਡ ਕੋਰੀਡੋਰ ਦੀ ਥਾਂ ਰਾਹੀਂ ਆਰਥਕ ਵਿਵਸਥਾ ਨੂੰ ਮੁੜ ਸਥਾਪਤ ਕਰਨ ਵਾਸਤੇ, ਕਿਲਮਾਰਨੌਕ ਟਾਉਨ ਸੈਂਟਰ ਦਾ ਮੁੜ ਵਿਕਾਸ, ਇੱਕ ਉੱਚ ਪੱਧਰ ਦੀ ਪਹਿਲ ਹੈ, ਅਤੇ ਇਹ ਰੀਜਨਰੇਸ਼ਨ ਪਾਲਿਸੀ ਦੇ ਬਿਆਨ ਵਿਚ ਸਕਾਟਿਸ਼ ਐਗਜ਼ੈਕਟਿਵ ਦੁਆਰਾ ਦੱਸੀ ਗਈ ਹੈ । ਇਸ ਮਹੱਤਵਪੂਰਣ ਖੇਤਰ ਤੇ ਕੰਮ ਕਰਨਾ ਬਹੁਤ ਅਗ੍ਹਾਂ ਵੱਧ ਚੁੱਕਾ ਹੈ । ਕੱਮਨੌਕ ਟਾਉਨ ਸੈਂਟਰ ਨੂੰ ਸਾਡੇ ਪੇਂਡੂ ਭਾਈਚਾਰੇ ਵਾਸਤੇ ਮੁੜ ਸਥਾਪਤ ਕਰਨ ਦੀ ਸਾਡੀ ਯੋਜਨਾ ਦਾ ਖੇਤਰ ਦੇ ਦੱਖਣ ਵੱਲ ਵੀ ਅਰਥਪੂਰਣ ਅਸਰ ਹੋਵੇਗਾ ।

ਸਾਰੇ ਖੇਤਰ ਵਿਚ, ਅਜਿਹੇ ਪਰਿਵਾਰ ਅਤੇ ਘੱਰ ਹਨ, ਜਿਨ੍ਹਾਂ ਦੇ ਬੇਰੁਜ਼ਗਾਰੀ, ਜਾਂ ਘੱਟ ਤਨਖਾਹ, ਮਾੜੀ ਸਿਹਤ, ਮਾੜੀ ਘਰ–ਵਿਵਸਥਾ, ਘੱਟ ਵਾਹਨ ਮਲਕੀਅਤ ਅਤੇ ਅਪਰਾਧ ਅਤੇ ਅਸਮਾਜਿਕ ਵਿਵਹਾਰ ਦਾ ਤਜ਼ਰਬਾ ਕਰਨ ਦੀ ਜ਼ਿਆਦਾ ਸੰਭਾਵਨਾ ਹੈ । ਇਸ ਦੇ ਨਤੀਜੇ ਵਜੋਂ, ਉਨ੍ਹਾਂ ਦੁਆਰਾ ਘੱਟ ਯੋਗਤਾ ਦੇ ਜੀਵਨ ਅਤੇ ਜੀਵਨ ਦੀਆਂ ਚੋਣਾਂ ਅਤੇ ਘੱਟ ਗਿਣਤੀ ਦੀਆਂ ਆਰਥਕ, ਸਿੱਖਿਅਕ ਅਤੇ ਸਮਾਜਕ ਮੌਕਿਆਂ ਦਾ ਤਜ਼ਰਬਾ ਕਰਨ ਦੀ ਸੰਭਾਵਨਾ ਹੈ ।

ਭਾਈਚਾਰੇ ਨੂੰ ਮੁੜ ਸਥਾਪਤ ਕਰਨ ਦੇ ਅਜਿਹੇ ਵਿਸ਼ਿਆਂ ਨੂੰ ਭਾਈਚਾਰਾ ਯੋਜਨਾ ਰਾਹੀਂ, ਅਗ੍ਹਾਂ ਲੈ ਕੇ ਗਏ ਹਨ, ਵਿਸ਼ੇਸ਼ ਕਰ **ਰੀਜਨਰੇਰਸ਼ਨ ਆਊਟਕਮ ਅਗ੍ਰੀਮੰਟ** (ROA) ਅਤੇ ਐਸੋਸ਼ਿਏਟਿਡ ਕਮਿਊਨਿਟੀ ਰੀਜਨਰੇਸ਼ਨ ਫ਼ੰਡ ਰਿਜ਼ੋਰਸਿਜ਼, ਜੋ ਕਿ ਮੁੱਖਧਾਰਾ ਦੇ ਵਿੱਤ ਨੂੰ ਮੰਤਵ ਅਨੁਸਾਰ ਵਿੱਤ ਪ੍ਰਦਾਨ ਕਰਦੀ ਹੈ ਅਤੇ ਜ਼ਿਆਦਾ ਸਥਾਨਕ ਪੱਧਰ ਤੇ ਮੁੜ ਸਥਾਪਤ ਹੋਣ ਵਾਸਤੇ ਮਦਦ ਦਿੱਦੀ ਹੈ । ROA ਦਾ ਕੇਂਦ੍ਰ–ਬਿੰਦੂ ਈਸਟ ਏਅਰਸ਼ਾਇਰ ਦੇ ਭਾਈਚਾਰਿਆਂ ਅਤੇ ਸਭ ਤੋਂ ਜ਼ਿਆਦਾ ਨੁਕਸਾਨ ਵਿਚ ਰਹਿਣ ਵਾਲੇ ਭਾਈਚਾਰਿਆਂ ਵਿਚਕਾਰ, ਮੌਕਿਆਂ ਦੇ ਫ਼ਰਕ ਨੂੰ ਬੰਦ ਕਰ ਕੇ, ਅਰਥਪੂਰਣ ਵਾਝਿਆਂ ਰਹਿ ਜਾਣ ਦੇ ਤਜ਼ਰਬੇ ਬਾਰੇ ਗੱਲਬਾਤ ਕਰਨਾ ਹੈ ।

**ਸਕਾਟਿਸ਼ ਐਗਜ਼ੈਕਟਿਵ ਦੇ ਜਨਤਕ ਸੇਵਾ ਨੂੰ ਬਦਲਨ ਦੀ ਯੋਜਨਾ,** ਜਿਸ ਦਾ ਉਦੇਸ਼ ਇਕੱਠੇ ਕੰਮ ਕਰਨ ਨਾਲ਼ ਜਨਤਕ ਸੇਵਾਵਾਂ ਵਿਚ ਸੁਧਾਰ ਲਿਆਉਣਾ ਹੈ, ਇਹ ਈਸਟ ਏਅਰਸ਼ਾਇਰ ਦੇ ਭਾਈਚਾਰਾ ਯੋਜਨਾ ਦੇ ਨਾਲ਼ ਠੀਕ ਤਰ੍ਹਾਂ ਤਾਲਮੇਲ ਬਿਠਾਉਂਦਾ ਹੈ । ਸਕਾਟਿਸ਼ ਐਗਜ਼ੈਕਟਿਵ ਅਤੇ ਸਥਾਨਕ ਕਮਿਊਨਟੀ ਪਲਾਨਿੰਗ ਭਾਈਵਾਲਾਂ, ਦੋਹਾਂ ਵਾਸਤੇ ਸਾਂਝਾ ਸੁਧਾਰਨ ਲਈ ਮੰਤਵ, ਸੇਵਾਵਾਂ ਨੂੰ ਸੁਧਾਰਨਾ ਅਤੇ ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ ਅਤੇ ਭਾਈਚਾਰਿਆਂ ਵਿਚ ਅਸਲ ਬਦਲਾਵ ਲੈ ਕੇ ਆਉਣਾ ਹੈ । ਇਹ ਪਛਾਣਿਆ ਗਿਆ ਹੈ ਕਿ ਸਾਡੀਆਂ ਕਈ ਸਭ ਤੋਂ ਵੱਡੀਆਂ ਵੰਗਾਰਾਂ, ਜਿਵੇਂ ਕਿ ਸਿਹਤ ਸੁਧਾਰ, ਗਰੀਬੀ ਨੂੰ ਖਤਮ ਕਰਨਾ ਅਤੇ ਵਾਂਝੇ ਰਹੇ ਭਾਈਚਾਰਿਆਂ ਨੂੰ ਮੁੜ ਸਥਾਪਤ ਕਰਨਾ, ਨੂੰ ਪ੍ਰਭਾਵਸ਼ਾਲੀ ਅਤੇ ਮਜ਼ਬੂਤ ਜਨਤਕ ਸੇਵਾਵਾਂ ਦੀ ਲੋੜ ਹੈ ਅਤੇ ਜੋ ਕਿਸੇ ਇੱਕ ਏਜੰਸੀ ਦੇ ਇੱਕਲਿਆਂ ਕੱਮ ਕਰਨ ਨਾਲ਼ ਹੱਲ ਨਹੀਂ ਹੋ ਸਕਦੀ, ਚਾਹੇ ਉਹ ਸਥਾਨਕ ਪੱਧਰ ਤੇ ਹੋਵੇ ਜਾਂ ਕੌਮੀ ਪੱਧਰ ਤੇ । ਗੁੰਝਲਦਾਰ, ਬਹੁ–ਪ੍ਰਕਾਰ ਦੀਆਂ ਮੁਸ਼ਕਲਾਂ ਅਤੇ ਕੋਸ਼ਿਸ਼ਾਂ ਦੇ ਦੁਹਰੇਪਨ ਤੋਂ ਪ੍ਰਹੇਜ਼ ਕਰਨ ਵਾਸਤੇ ਜਨਤਕ ਸੇਵਾਵਾਂ ਨੂੰ ਲਚਕਦਾਰ, ਸਥਾਨਕ ਭਾਈਚਾਰਿਆਂ ਅਤੇ ਸੇਵਾ ਦੀ ਵਰਤੋਂ ਕਰਨ ਵਾਲਿਆਂ ਦੀ ਹਿੱਸੇਦਾਰੀ ਹੋਣੀ ਚਾਹੀਦੀ ਹੈ ਅਤੇ ਇਕਰਾਰ ਕੀਤੀਆਂ ਹੋਇਆਂ ਪਹਿਲਾਂ ਦੀ ਪੂਰਤੀ ਕਰਨ ਵਾਸਤੇ ਸਾਂਝੀਆਂ ਹੱਦਾਂ ਦੇ ਵਿਚ ਇਕੱਠੇ ਕੰਮ ਕਰਨਾ ਚਾਹੀਦਾ ਹੈ । ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਹਟਾਉਣ ਵਾਸਤੇ ਸੰਸਥਾਵਾਂ ਅਤੇ ਸਰਕਾਰ ਵਿਚ ਸਭਿਆਚਾਰਕ ਬਦਲਾਵ ਲੋੜੀਂਦਾ ਹੈ ।

ਸਕਾਟਿਸ਼ ਐਗਜ਼ੈਕਟਿਵ ਨੇ ਪਹਿਲਾਂ ਹੀ ਜਨਤਕ ਸੇਵਾਵਾਂ ਦੇ ਮੰਤਵ ਦੇ ਸੁਧਾਰ ਦੀ ਮਦਦ ਵਾਸਤੇ ਕਈ ਤਰ੍ਹਾਂ ਦੇ ਕੰਮ ਦੇ ਸ੍ਰੋਤ ਸ਼ੁਰੂ ਕੀਤੇ ਹਨ, ਜਿਨ੍ਹਾਂ ਦਾ ਉਦੇਸ਼ ਹੈ:

- ਸੇਵਾਵਾਂ ਦੇ ਸੁਧਾਰ ਵਾਸਤੇ ਮੌਕਿਆਂ ਦੀ ਪਛਾਣ ਅਤੇ ਅਨੁਭਵ ਕਰਨਾ ਅਤੇ ਸਾਂਝੀਆਂ ਸੇਵਾਵਾਂ ਪਹਿਲਾਂ ਨੂੰ ਅਪਨਾ ਕੇ ਪ੍ਰਭਾਵਸ਼ਾਲੀ ਬੱਚਤਾਂ ਨੂੰ ਪ੍ਰਾਪਤ ਕਰਨਾ, ਜਿਸ ਕਰਕੇ ਮੁੱਖ ਸੇਵਾਵਾਂ ਵਾਸਤੇ ਨਿਵੇਸ਼ ਲਈ ਸਾਧਨਾਂ ਦਾ ਉਪਯੋਗ ਕਰਨਾ;
- ਸਾਂਝੀਆਂ ਸੇਵਾਵਾ, ਕ੍ਰਿਆਵਾਂ ਅਤੇ ਵਿਭਾਗ ਜੋ ਬਦਲਾਵ ਨੂੰ ਵਧਾਵਾ ਨਹੀਂ ਦਿੰਦੇ ਹਨ, ਸੇਵਾ ਪੇਸ਼ਗੀ, ਢਾਂਚੇ ਅਤੇ ਸਰਹੱਦਾਂ ਵਿਚ ਬਦਲਾਵ ਲਿਆਉਣਾ, ਤਾਂ ਜੋ ਜਨਤਕ ਸੇਵਾਵਾਂ ਦੀ ਲੋੜਾਂ ਦੀ ਪੂਰਤੀ, ਬੇਹਤਰ ਤਰੀਕੇ ਨਾਲ਼ ਕਰਨ ਦੇ ਸਮਰਥ ਹੋ ਸਕੇ; ਅਤੇ
- ਸਰਕਾਰ, ਗ੍ਰਾਹਕ ਪਹਿਲ ਅਤੇ ਈ–ਕੇਅਰ ਪਹਿਲਾਂ ਦਾ ਆਧੁਨਿਕਰਣ ਕੀਤੇ ਜਾਣ ਦੇ ਨਾਲ, ਪੱਧਰਾਂ ਦੀ ਉਸਾਰੀ ਕਰਨੀ ਅਤੇ ਸਰਕਾਰ ਫ਼ੰਡ ਰਾਹੀਂ ਵਿਉਂਤਾ ਦਾ ਵਿਕਾਸ ਕਰਨਾ ।

ਈਸਟ ਏਅਰਸ਼ਾਇਰ ਦੇ ਭਾਈਵਾਲ ਨੇ ਪਹਿਲਾਂ ਹੀ ਈਸਟ ਏਅਰਸ਼ਾਇਰ ਦੇ ਵਿਚ ਭਾਈਚਾਰਾ ਯੋਜਨਾ ਪ੍ਰਕ੍ਰਿਆ ਦੇ ਰਾਹੀਂ ਜਨਤਕ ਸੇਵਾਵਾਂ ਨੂੰ ਬਦਲਨ ਵਾਸਤੇ ਇੱਕ ਲੰਮਾ ਰਸਤਾ ਤੈਅ ਕੀਤਾ ਹੈ ਅਤੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਕਰਨ ਵਾਸਤੇ ਸਕਾਟਿਸ਼ ਐਗਜ਼ੈਕਟਿਵ ਦੇ ਨਾਲ ਤੇ ਇਹ ਨਿਸ਼ਚਿਤ ਕਰਨ ਵਾਸਤੇ ਕਿ, ਉਹ ਇਸ ਖੇਤਰ ਵਿਚ ਸੇਵਾਵਾਂ ਦੀ ਪੇਸ਼ਗੀ ਲਈ ਵਚਨਬੱਧ ਹਨ, ਇਕੱਠੇ ਕੰਮ ਕਰਨਗੇ ।

ਮਈ 2005 ਵਿਚ ਕਮਿਊਨਿਟੀਜ਼ ਸਕਾਟਲੈਂਡ ਅਤੇ ਸਕਾਟਿਸ਼ ਐਗਜ਼ੁਕਟਿਵ ਦੁਆਰਾ **ਦ ਨੈਸ਼ਨਲ ਸਟੈਨਡਰਡ ਫ਼ਾਰ ਕਮਿਊਨਿਟੀ ਐਨੰਗੇਜਮੈਂਟ** ਸ਼ੁਰੂ ਕੀਤਾ ਗਿਆ ਸੀ । ਇਨ੍ਹਾਂ ਪੱਧਰਾਂ ਦਾ ਉਦੇਸ਼, ਜਨਤਕ ਸੇਵਾਵਾਂ ਦੀ ਪੇਸ਼ਗੀ ਕਰਨ ਵਾਲੀਆਂ ਏਜੰਸੀਆਂ ਅਤੇ ਭਾਈਚਾਰਿਆਂ ਦੇ ਵਿਚ ਕੰਮਾਂ ਦੇ ਬੇਹਤਰ ਸੰਬੰਧਾਂ ਅਤੇ ਵਿਕਾਸ ਵਿਚ ਮਦਦ ਦੇਣੀ ਹੈ । ਇਹ ਮਾਪਨ ਯੋਗ ਬਿਆਨ ਹਨ, ਜਿਸ ਦੀ ਵਰਤੋਂ ਦੱਸੇ ਗਏ, ਯੋਗ ਉਸੂਲਾਂ, ਵਿਵਹਾਰਾਂ ਅਤੇ ਪ੍ਰਯੋਗਾਤਮਕ ਸਾਧਨਾਂ ਦੁਆਰਾ ਹਿੱਸੇਦਾਰੀ ਦੀ ਪ੍ਰਕ੍ਰਿਆ ਅਤੇ ਯੋਗਤਾ ਨੂੰ ਸੁਧਾਰਨ ਵਾਸਤੇ ਭਾਈਚਾਰੇ ਹਿੱਸੇਦਾਰੀ ਵਿਚ, ਹਰ ਕੋਈ ਕਰ ਸਕਦਾ ਹੈ ।

ਭਾਈਚਾਰਾ ਯੋਜਨਾ ਦੇ ਭਾਈਵਾਲ ਇਹ ਪਛਾਣ ਕਰਦੇ ਹਨ ਕਿ ਭਾਈਚਾਰੇ ਹਿੱਸੇਦਾਰੀ ਵਾਸਤੇ ਕੌਮੀ ਪੱਧਰ, ਭਾਈਚਾਰੇ ਸਲਾਹ ਅਤੇ ਹਿੱਸੇਦਾਰੀ ਵਿਚ ਚੰਗੇ ਅਭਿਆਸ ਦੀ ਵਿਸ਼ੇਸ਼ਤਾ ਨੂੰ ਦਰਸ਼ਾਉਂਦੇ ਹਨ, ਅਤੇ ਇਨ੍ਹਾਂ ਨੇ ਇਹ ਨਿਸ਼ਚਿਤ ਕਰਨ ਵਾਸਤੇ ਜ਼ਿੰਮਾ ਲਿਆ ਹੈ ਕਿ ਈਸਟ ਏਅਰਸ਼ਾਇਰ ਵਿਚ ਸਾਰੇ ਭਾਈਚਾਰੇ ਦੀ ਹਿੱਸੇਦਾਰੀ ਵਿਚ ਘੱਟੋ–ਘੱਟ ਇਹ ਪੱਧਰ ਪ੍ਰਾਪਤ ਕੀਤੇ ਜਾਣ । ਇਸ ਦੇ ਨਾਲ਼ ਹੀ ਭਾਈਵਾਲਾਂ ਦੀ ਕ੍ਰਿਆ ਵਿਚ ਸਾਂਝੀ ਪ੍ਰਭਾਵਸ਼ਾਲੀ ਹਿੱਸੇਦਾਰੀ ਦੀ ਮਦਦ ਵਾਸਤੇ ਉਹ ਇੱਕ ਮਹੱਤਵਪੂਰਣ ਸਾਧਨ ਹਨ । ਸਸਟੇਨੇਬਲ ਸਕਾਟਲੈਂਡ ਨੈੱਟਵਰਕ (SSN) ਦੁਆਰਾ ਤਿਆਰ ਕੀਤਾ ਗਿਆ **ਦ ਸਕਾਟਿਸ਼ ਕਲਾਈਮੇਟ ਚੇਂਜ ਡੈਕਲਾਰੇਸ਼ਨ,** ਇੱਕ ਐਸਾ ਤਰੀਕਾ ਹੈ ਜਿਸ ਦੁਆਰਾ ਸਥਾਨਕ ਅਤੇ ਅਧਿਕਾਰ ਅਤੇ ਦੂਸਰੇ ਜਨਤਕ ਸੰਸਥਾਵਾਂ, ਉਨ੍ਹਾਂ ਉਚਿਤ ਤਰੀਕਿਆਂ ਨੂੰ ਵਿਕਾਸ ਕਰਨ ਵਿਚ ਵਚਨਬੱਧਤਾ ਦਰਸ਼ਾ ਸਕਦੀਆਂ ਹਨ, ਤਾਂ ਜੋ ਵਾਤਾਵਰਣ ਤੇ ਉਨ੍ਹਾਂ ਦੀਆਂ ਕ੍ਰਿਆਵਾਂ ਦੇ ਅਸਰ ਨੂੰ ਘਟਾਇਆ ਜਾ ਸਕੇ, ਅਤੇ ਵਿਸ਼ੇਸ਼

ਕਰ ਮੌਸਮ ਦੇ ਬਦਲਾਵ ਦੇ ਅਸਰਾਂ ਨੂੰ ਘਟਾਇਆ ਜਾ ਸਕੇ । ਭਾਈਚਾਰਾ ਯੋਜਨਾ ਦੇ ਭਾਈਵਾਲ ਆਪਣੇ ਮਕਾਨਾਂ, ਸੇਵਾਵਾਂ ਅਤੇ ਕ੍ਰਿਆਵਾਂ ਤੋਂ ਗਰੀਨ ਹਾਊਸ ਗੈਸ ਦੇ ਨਿਕਾਸ ਨੂੰ ਘਟਾਉਣ ਲਈ ਵਚਨਬੱਧ ਹਨ । ਇਸ ਮਹੱਤਵਪੂਰਣ ਖੇਤਰ ਵਿਚ ਮਹੱਤਵਪੂਰਣ ਵਚਨਬੱਧਤਾ, ਸਾਡੇ ਇਕਰਾਰ ਪੂਰਤੀ ਵਾਸਤੇ ਸਾਡੇ ਵਾਤਾਵਰਣ ਦੇ ਸੁਧਾਰ ਦੇ ਐਕਸ਼ਨ ਪਲੈਨ ਵਿਚ ਸ਼ਾਮਲ ਹੈ ।

## ਵੰਗਾਰਾਂ

ਈਸਟ ਏਅਰਸਾਇਰ ਆਪਣੇ ਭਾਈਵਾਲਾਂ ਦੇ ਨਾਲ਼ ਉੱਚ ਪੱਧਰ ਦਾ ਵਾਤਾਵਰਣ, ਉੱਚ ਪੱਧਰ ਦੀਆਂ ਸੇਵਾਵਾਂ ਦੀ ਪੂਰਤੀ ਕਰਨ ਵਾਸਤੇ ਪ੍ਰਦਾਨ ਕਰਦੀ ਹੈ, ਜਿਸ ਵਿਚ ਸਿਹਤ, ਸਿੱਖਿਆ, ਸਮਾਜਕ, ਭਾਈਚਾਰਕ ਅਤੇ ਵਿਹਲੜ ਸੇਵਾਵਾਂ ਸ਼ਾਮਲ ਹਨ । 2005 ਵਿਚ ਵਸਨੀਕਾਂ ਦੇ ਸਰਵੇਖਣ ਵਿਚ, 83 ਪ੍ਰਤਿਸ਼ਤ ਜਵਾਬ ਦੇਣ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਸ਼ਹਿਰ ਜਾਂ ਪਿੰਡ ਵਿਚ ਜੀਵਨ ਦਾ ਪੱਧਰ ਵਧੀਆ ਸੀ । ਅਸੀਂ ਜਾਣਦੇ ਹਾਂ ਕਿ ਸ਼ਹਿਰਾਂ, ਪਿੰਡਾਂ ਅਤੇ ਆਸ–ਪਾਸ ਦੇ ਆਂਢ–ਗੁਆਂਢ ਦੇ ਇਲਾਕਿਆਂ ਵਿਚ ਇੱਕ ਮਜ਼ਬੂਤ ਜੋਸ਼ ਹੈ, ਜਿਸ ਦੀ ਪੁਸ਼ਟੀ ਵਸਨੀਕਾਂ ਦੇ ਸਰਵੇਖਣ ਵਿਚ ਕੀਤੀ ਗਈ ਸੀ, ਜਿਸ ਵਿਚ 58 ਪ੍ਰਤਿਸ਼ਤ ਜਵਾਬ ਦੇਣ ਵਾਲਿਆਂ ਨੇ ਦੱਸਿਆ ਕਿ ਉਹ ਆਪਣੇ ਆਂਢ–ਗੁਆਂਢ ਦੇ ਜੀਵਨ ਤੇ ਮਾਣ ਕਰਦੇ ਸਨ ।

2003 ਤੋਂ ਜਦੋਂ ਭਾਈਚਾਰਾ ਯੋਜਨਾ ਪਹਿਲੀ ਬਾਰ ਸ਼ੁਰੂ, ਕੀਤੀ ਗਈ, ਬਹੁਤ ਕੁੱਝ ਪ੍ਰਾਪਤ ਕੀਤਾ ਗਿਆ ਹੈ ਅਤੇ ਅਸੀਂ ਇਹ ਦਰਸ਼ਾ ਸਕਦੇ ਹਾਂ ਕਿ ਭਾਈਵਾਈ ਨਾਲ਼ ਕੰਮ ਕਰਨ ਰਾਹੀਂ ਸਾਨੂੰ ਇਹ ਕਾਮਯਾਬੀ ਮਿਲੀ ਹੈ । ਸਾਡੇ ਕੋਲ ਪੱਕੀ ਨੀਂਵ ਹੈ, ਜਿਸ ਉੱਤੇ ਅਸੀਂ ਉਸਾਰੀ ਕਰਨੀ ਹੈ, ਪਰ ਅਸੀਂ ਇਹ ਪਛਾਣ ਕਰਦੇ ਹਾਂ ਕਿ ਅਜੇ ਵੀ ਬਹੁਤ ਕੁੱਝ ਕਰਨਾ ਵਾਲਾ ਹੈ, ਜੇਕਰ ਅਸੀਂ ਈਸਟ ਏਅਰਸ਼ਾਇਰ ਵਾਸਤੇ ਸਪਨੇ ਦੀ ਪ੍ਰਾਪਤੀ ਕਰਨੀ ਹੈ ।

### ਆਬਾਦੀ ਕਟੌਤੀ

ਹਾਲ਼ ਦੇ ਸਾਲਾਂ ਵਿਚ ਈਸਟ ਏਅਰਸ਼ਾਇਰ ਦੀ ਆਬਾਦੀ ਵਿਚ ਕਟੌਤੀ ਅਤੇ ਉਮਰ ਵਿਚ ਕਮੀ, ਦੋਹਾਂ ਹੀ ਚੀਜ਼ਾਂ ਦਾ ਪ੍ਰਗਟਾਵਾ ਹੁੰਦਾ ਹੈ । ਕੰਮ ਕਰਨ ਵਾਲ਼ੀ ਆਬਾਦੀ ਦੀ ਉਮਰ, 1993-2003 ਵਿਚ 3 ਪ੍ਰਤਿਸ਼ਤ ਤੋਂ ਜ਼ਿਆਦਾ ਦੀ ਕਮੀ ਆਈ ਹੈ ਜੋ ਕਿ ਸਕਾਟਲੈਂਡ ਦੇ ਪੱਛਮੀ ਇਲਾਕਿਆਂ ਦੀ ਕਮੀ ਨਾਲ਼ੋਂ ਤੇਜ਼ੀ ਨਾਲ ਹੈ ਅਤੇ ਇਸ ਦੇ ਤੁਲਨਾਤਮਕ ਸਕਾਟਲੈਂਡ ਵਿਚ ਇਹ ਥੋੜਾ ਵੱਧੀ ਹੈ (1 ਪ੍ਰਤਿਸ਼ਤ ਨਾਲ਼ੋਂ ਘੱਟ) । ਇਸੇ ਸਮੇਂ ਵਿਚ, 50-59/60-64 ਦੀ ਉਮਰ 15 ਪ੍ਰਤਿਸ਼ਤ ਵਧੀ ਹੈ ਜਦ ਕਿ 16-24 ਅਤੇ 29-54 ਦੀ ਉਮਰ ਕ੍ਰਮਅਨੁਸਾਰ 16 ਪ੍ਰਤਿਸ਼ਤ ਅਤੇ 5 ਪ੍ਰਤਿਸ਼ਤ ਘੱਟੀ ਹੈ । ਇਸ ਪ੍ਰਵ੍ਰਿਤਿ ਦਾ ਭਵਿੱਖ ਦੇ ਆਉਣ ਵਾਲੇ ਸਾਲਾਂ ਵਿਚ ਜਾਰੀ ਰਹਿਣ ਦਾ ਪੂਰਵ ਅਨੁਮਾਨ ਹੈ ।

ਹਾਲ਼ ਹੀ ਦੇ ਉਪਲਬਧ ਅਨੁਮਾਨ ਅਨੁਸਾਰ, 2002 ਅਤੇ 2018 ਦੇ ਵਿਚਕਾਰ ਈਸਟ ਏਅਰਸ਼ਾਇਰ ਦੀ ਆਬਾਦੀ ਦੇ ਅਰਥਪੂਰਣ ਢੰਗ ਨਾਲ਼ ਕਮੀ ਦੀ ਆਸ ਕੀਤੀ ਜਾਂਦੀ ਹੈ (7.8 ਪ੍ਰਤਿਸ਼ਤ ਥੱਲੇ)। ਇਸ ਦੀ ਤੁਲਨਾ ਇਸੇ ਸਮੇਂ ਵਿਚ 2.4 ਪ੍ਰਤਿਸ਼ਤ ਦੀ ਅਨੁਮਾਨ ਲਾਈ ਕੌਮੀ ਪੱਧਰ ਤੇ ਘਾਟ ਨਾਲ ਕੀਤੀ ਜਾਂਦੀ ਹੈ । ਸਥਾਨਕ ਕੰਮ ਕਰਨ ਵਾਲੀ ਆਬਾਦੀ ਦੀ ਉਮਰ ਵੀ 2003 ਅਤੇ 2013 ਦੇ ਵਿਚ 7 ਪ੍ਰਤਿਸ਼ਤ ਡਿੱਗਣ ਦੀ, ਜੋ ਕਿ ਸਕਾਟਲੈਂਡ ਦੇ ਪੱਛਮ ਦੀ ਕਮੀ ਦੇ ਅਨੁਮਾਨ ਨਾਲ਼ੋਂ ਜ਼ਿਆਦਾ ਹੈ, ਤੇਜ਼ੀ ਨਾਲ ਹੈ । (4 ਪ੍ਰਤਿਸ਼ਤ ਥੱਲੇ) । ਇਹ ਅੰਕੜੇ ਇਸ ਸੱਚਾਈ ਨਾਲ ਬਣਾਏ ਗਏ ਹਨ ਕਿ ਆਬਾਦੀ ਦੇ ਬਦਲਾਵ ਦੀ ਦਿਸ਼ਾ ਉਮਰ ਦੇ ਹਿਸਾਬ ਨਾਲ ਬਦਲਦੀ ਹੈ; 21-24 ਅਤੇ 25-49 ਦੀਆਂ ਦੋਹਾਂ ਉਮਰਾਂ ਦੇ ਵਿਚ ਘਾਟ ਦੀ ਆਸ ਹੈ, ਜਦ ਕਿ 50 ਸਾਲ ਦੀ ਉਮਰ ਤੋਂ ਲੈ ਕੇ ਰਿਟਾਇਰ ਹੋਣ ਵਾਲੀ ਉਮਰ ਦੇ ਵੱਧਣ ਦੀ ਆਸ ਹੈ, ਜਿਸ ਨਾਲ਼ ਈਸਟ ਏਅਰਸ਼ਾਇਰ ਦੀ ਵੱਧ ਰਹੀ ਉਮਰ ਦੀ ਆਬਾਦੀ ਦਾ ਵੱਧਣਾ ਜਾਰੀ ਹੈ ।

### ਸਿਹਤ

ਸਕਾਟਲੈਂਡ ਵਿਚ ਪੂਰਵਕਾਲਿਕ ਮੌਤ ਦਰ ਦੇ ਤਿੰਨ ਮੁੱਖ ਕਾਰਨ, ਕੈਂਸਰ, ਕੌਰਨਰੀ ਦਿਲ ਦੀ ਬਿਮਾਰੀ ਅਤੇ ਸਟਰੋਕ (ਅਧਰੰਗ) ਹੈ । ਕੌਮੀ ਪ੍ਰਵ੍ਰਿਤਿ ਜੋ ਕਿ ਅਨੁਮਾਨ ਦੇ ਨਾਲ ਥੱਲੇ ਨੂੰ ਜਾ ਰਹੀ ਹੈ, ਦੱਸਦੀ ਹੈ ਕਿ, ਜੇਕਰ ਅਜਿਹਾ ਜਾਰੀ ਰਿਹਾ ਤਾਂ 2010 ਸਕਾਟਿਸ਼ ਐਗਜ਼ੈਕਟਿਵ ਟੀਚਿਆਂ ਦੀ ਪੂਰਤੀ ਹੋ ਜਾਵੇਗੀ, ਜਿਨ੍ਹਾਂ ਦੇ ਨਾਮ ਹਨ 1995 ਅਤੇ 2010 ਦੇ ਵਿਚਕਾਰ ਕੈਂਸਰ ਤੋਂ ਮਰਨ ਵਾਲਿਆਂ ਦੀ ਮੌਤ ਦਰ ਵਿਚ 20 ਪ੍ਰਤਿਸ਼ਤ ਦੀ ਕਮੀ, ਕੌਰਨਰੀ ਦਿਲ ਦੀ ਬਿਮਾਰੀ ਤੋਂ ਮਰਨ ਵਾਲ਼ਿਆਂ ਦੀ ਮੌਤ ਦਰ ਵਿਚ 60 ਪ੍ਰਤਿਸ਼ਤ ਕਮੀ; ਅਤੇ ਸਟਰੋਕ ਤੋਂ ਮਰਨ ਵਾਲ਼ਿਆਂ ਦੀ ਮੌਤ ਦੀ ਦਰ ਵਿਚ 50 ਪ੍ਰਤਿਸ਼ਤ ਦੀ ਕਮੀ ਹੋਵੇਗੀ । (ਸਾਧਨ: ਡਿਲਿਵਰਿੰਗ ਅ ਹੈਲਥੀ ਸਕਾਟਲੈਂਡ: ਮੀਟਿੰਗ ਦ ਚੈਲੈਂਜ: ਸਕਾਟਿਸ਼ ਐਗਜ਼ੈਕਟਿਵ, 2006) ।

ਈਸਟ ਏਅਰਸ਼ਾਇਰ ਦੇ ਵਿਚ, ਇਹ ਥੱਲੇ ਜਾਂਦੀ ਪ੍ਰਵ੍ਰਿਤਿ ਸਮਾਨ ਹੈ, ਜਿਸ ਵਿਚ 75 ਸਾਲਾਂ ਤੋਂ ਥੱਲੇ ਦੀ ਪ੍ਰਤਿ 10,000 ਜਨਸੰਖਿਆ ਦੀ ਮੌਤ ਦੀ ਦਰ, ਸਾਰੇ ਤਿੰਨ ਪੱਖਾਂ ਵਿਚ ਅਰਥਪੂਰਣ ਢੰਗਾਂ ਨਾਲ ਘੱਟ ਹੋ ਰਹੀ ਹੈ । ਖਾਸ ਕਰ ਕੇ, ਕੌਰਨਰੀ ਦਿਲ ਦੀ ਬਿਮਾਰੀ ਦੀਆਂ ਪੂਰਵਕਾਲਿਕ ਮੌਤ ਦੀਆਂ ਦਰਾਂ 140 ਤੋਂ ਪ੍ਰਤਿ 10,000 ਜਨਸੰਖਿਆ 1996 ਵਿਚ ਅਤੇ 2004 ਵਿਚ 85 ਘੱਟੀ ਹੈ, ਜੋ ਕਿ ਸਕਾਟਲੈਂਡ ਦੀ 2004 ਵਿਚ ਪ੍ਰਤਿ 10,000 ਜਨਸੰਖਿਆ ਦੀ 86 ਦੀ ਦਰ ਤੋਂ ਥੋੜੀ ਜਿਹੀ ਘੱਟ ਹੈ । 75 ਸਾਲਾਂ ਤੋਂ ਥੱਲਿਆਂ ਦੀ ਕੈਂਸਰ ਤੋਂ ਮਰਨ ਵਾਲਿਆਂ ਦੀ ਮੌਤ ਦੀ ਦਰ 1996 ਵਿਚ ਪ੍ਰਤਿ 10,000 ਜਨਸੰਖਿਆ 188 ਤੋਂ 166 ਪ੍ਰਤਿ 10,000, 2004 ਵਿਚ ਘਟੀ ਹੈ । ਜੋ ਕਿ ਫ਼ਿਰ ਤੋਂ ਸਕਾਟਲੈਂਡ ਦੀ ਪ੍ਰਤਿ 10,000 ਦੀ 172 ਦੀ 2004 ਦੀ ਦਰ ਤੋਂ ਥੋੜੀ ਹੈ; ਅਤੇ ਸਟਰੋਕ ਦੇ ਨਤੀਜੇ ਵਜੋਂ

ਪੂਰਵਕਾਲਿਕ ਮੌਤਾਂ 1996 ਤੋਂ 2004 ਵਿਚ 42 ਤੋਂ 28 ਪ੍ਰਤਿ 10,000 ਘੱਟੀਆਂ ਹਨ, ਜੋ ਸਕਾਟਲੈਂਡ ਦੀ 2004 ਦੀ ਦਰ ਦੇ ਬਰਾਬਰ ਹਨ । (ਸਾਧਨ: ਜੈਨਰਲ ਰਜਿੱਸਟਰ ਆਫਿਸ ਫ਼ਾਰ ਸਕਾਟਲੈਂਡ GRO(S))

**ਸਿਹਤ ਅਸਮਾਨਤਾ**

ਇਹ ਸਬੂਤ ਦੱਸਦਾ ਹੈ, ਕਿ ਸਕਾਟਲੈਂਡ ਅਤੇ ਈਸਟ ਏਅਰਸ਼ਾਇਰ ਵਿਚ ਸਭ ਤੋਂ ਵੱਡੀ ਵੰਗਾਰ, ਸਿਹਤ ਦੀਆਂ ਅਸਮਾਨਤਾਵਾਂ ਨੂੰ ਨਜਿੱਠਣ ਅਤੇ ਸਭ ਤੋਂ ਵੱਧ ਅਤੇ ਘੱਟ ਵਾਂਝੀਆਂ ਰਹਿਣ ਵਾਲਿਆਂ ਭਾਈਚਾਰਿਆਂ ਵਿਚ ਸਿਹਤ ਦੇ ਫ਼ਰਕ ਨੂੰ ਖਤਮ ਕਰਨ ਦੀ ਹੈ । ਉਦਾਹਰਣ ਦੇ ਤੌਰ ਤੇ ਜਦੋਂ ਅਸੀਂ ਫ਼ਿਰ ਤੋਂ ਸਕਾਟਲੈਂਡ ਵਿਚ ਪੂਰਵਕਾਲਿਕ ਮੌਤ ਦੇ ਤਿੰਨਾਂ ਵਿਚੋਂ ਦੋ ਕਾਰਣਾਂ ਵੱਲ ਵੇਖਿਏ, ਤਾਂ ਇਸ ਵੇਲੇ ਅਸੀਂ ਸਭ ਤੋਂ ਦੌਲਤਮੰਦ ਅਤੇ ਘੱਟ ਦੌਲਤਮੰਦ ਜਨਸੰਖਿਆ ਦੀ ਤੁਲਨਾ ਕਰਿਏ ਤਾਂ ਇਹ ਜਾਪਦਾ ਹੈ ਕਿ ਭਾਵੇਂ 2003 ਅਤੇ 2005 ਵਿਚ ਸਭ ਤੋਂ ਵਾਂਝਿਆਂ ਰਹਿਣ ਵਾਲੀ 75 ਸਾਲਾਂ ਦੀ ਜਨਸੰਖਿਆ 7.4 ਪ੍ਰਤਿਸ਼ਤ ਘਟੀ ਹੈ (ਜਦੋਂ ਟੀਚੇ ਮਿੱਥੇ ਗਿਏ ਸਨ) ਪਰ ਅਸਲ ਵਿਚ 2003/04 ਵਿਚ ਅਸਮਾਨਤਾ ਦਾ ਫ਼ਰਕ ਸਭ ਤੋਂ ਵੱਧ ਦੌਲਤਮੰਦ ਜਨਸੰਖਿਆ ਦੇ ਘੱਟਣ ਦੇ ਨਾਲ ਵੱਧਿਆ ਹੈ । ਕੌਰਨਰੀ ਦਿਲ ਦੀ ਬਿਮਾਰੀ ਦੀਆਂ ਮੌਤ ਦੀਆਂ ਦਰਾਂ, ਸਭ ਤੋਂ ਵੱਧ ਦੌਲਤਮੰਦ ਅਤੇ ਵਾਂਝੀ ਰਹੀ ਜਨਸੰਖਿਆ, ਦੋਹਾਂ ਵਿਚ ਹੀ ਘਟੀਆਂ ਹਨ; ਪਰ 2003 ਅਤੇ 2005 ਵਿਚ ਸਭ ਤੋਂ ਵਾਂਝੀ ਰਹੀ ਜਨਸੰਖਿਆ ਵਿਚ ਸਭ ਤੋਂ ਵੱਧ ਕਮੀ ਦੇ ਨਤੀਜੇ ਨੇ ਅਸਮਾਨਤਾ ਦੇ ਅੰਤਰ ਨੂੰ ਘਟਾਇਆ ਹੈ । (ਸਾਧਨ: ਡਿਲਿਵਰਿੰਗ ਅ ਹੈਲਥੀ ਸਕਾਟਲੈਂਡ: ਮੀਟਿੰਗ ਦ ਚੈਲੈਂਜ: ਸਕਾਟਿਸ਼ ਐਗਜ਼ੈਕਟਿਵ, 2006)

ਈਸਟ ਏਅਰਾਇਰ ਦੇ ਵਿਚ ਸਭ ਤੋਂ ਵੱਧ ਦੌਲਤਮੰਦ ਅਤੇ ਵਾਂਝੇ ਭਾਈਚਾਇਆਂ ਵਿਚ ਬਹੁਤ ਸਖਤ ਅਸਮਾਨਤਾਵਾਂ ਹਨ । ਉਦਾਹਰਣ ਦੇ ਤੌਰ ਤੇ ਜੇਕਰ ਅਸੀਂ ਦਿਲ ਦੀ ਬਿਮਾਰੀ ਵਾਸਤੇ ਲਗਟਨ ਅਤੇ ਡਨਲਪ ਦੇ ਨਾਲ ਰਿਕਾਰਟਨ ਅਤੇ ਸ਼ੋਰਟਲੀਸ ਦੇ ਨਾਲ ਹਸਪਤਾਲ ਵਿਚ ਦਾਖਲ ਹੋਣ ਵਾਲਿਆਂ ਦੀ ਤੁਲਨਾ ਕਰਿਏ ਤਾਂ ਇਹ ਵੇਖਿਆ ਜਾ ਸਕਦਾ ਹੈ ਕਿ 1991-1993 ਤੋਂ 2000-2002 ਤਕ, ਤਾਂ ਦਾਖਿਲੇ ਦੀਆਂ ਦਰਾਂ ਪ੍ਰਤਿ 10,000 ਜਨਸੰਖਿਆ ਰਿਕਾਰਟਨ ਅਤੇ ਸ਼ੋਰਟਲੀਸ ਵਿਚ 810 ਤੋਂ 1,004 ਵਧੀਆਂ ਹਨ ਜੋ ਕਿ ਲਗਟਨ ਅਤੇ ਡਨਲਪ ਦੀ ਤੁਲਨਾ ਵਿਚ ਨਾਟਕੀਅ ਵ੍ਧੀ ਹੈ, ਜਦੋਂ ਕਿ ਲਗਟਨ ਅਤੇ ਡਨਲਪ ਵਿਚ ਪ੍ਰਤਿ 10,000 ਦੀ ਜਨਸੰਖਿਆ ਦਰਾਂ 611 ਤੋਂ 371 ਪ੍ਰਤਿ 10,000 ਡਿੱਗੀਆਂ ਹਨ, ਜੋ ਕਿ ਆਮਤੌਰ ਤੇ ਤਿੰਨ ਗੁਣਾ ਘੱਟ ਹਨ । ਜਦੋਂ ਦੋਹਾਂ ਭਾਈਚਾਰਿਆਂ ਵਿਚ ਹੋਰ ਸੂਚਕਾਂ ਦੀ ਤੁਲਨਾ ਕਰਿਏ ਤਾਂ ਵੀ ਤਸਵੀਰ ਉਹੀ ਹੈ । ਉਦਾਹਰਣ ਦੇ ਤੌਰ ਤੇ 1990-1992 ਤੋਂ 1999-2001 ਦੇ ਸਮੇਂ ਵਿਚ ਸ਼ੋਰਟਲੀਸ ਅਤੇ ਰਿਕਾਰਟਨ ਵਿਚ ਸ਼ਰਾਬ ਦੀਆਂ ਜ਼ਿੰਮੇਵਾਰ ਹਾਲਤਾਂ ਤੋਂ ਹਸਪਤਾਲ ਵਿਚ ਦਾਖਿਲੇ ਦੀਆਂ ਦਰਾਂ 978 ਤੋਂ 1,308 ਪ੍ਰਤਿ 10,000 ਜਨਸੰਖਿਆ ਜ਼ਿਆਦਾ ਹੋਈ ਹੈ ਅਤੇ ਲਗਟਨ ਅਤੇ ਡਨਲਪ ਵਿਚ ਪ੍ਰਤਿ 10,000 ਜਨਸੰਖਿਆ 550 ਤੋਂ 495 ਘੱਟ ਹੋਈ ਹੈ । ਇਸ ਦਾ ਨਤੀਜਾ ਜ਼ਿਆਦਾ ਵਾਂਝੇ ਰਹੇ ਭਾਈਚਾਰਿਆਂ ਵਿਚ ਢਾਈ ਗੁਣਾ ਉੱਚੀ ਦਰ ਹੈ । (ਸਾਧਨ: ਈਸਟ ਏਅਰਸ਼ਾਇਰ ਕਮਿਊਨਿਟੀ ਹੈਲਥ ਐਂਡ ਵੈਲਬੀਂਗ ਪ੍ਰੋਫ਼ਾਈਲ: ਐਨ ਹੇਚ ਐਸ ਹੈਲਥ ਸਕਾਟਲੈਂਡ, 2004)

**ਅਰਥ ਵਿਵਸਥਾ ਅਤੇ ਸਥਾਨਕ ਆਵਾਜਾਈ ਦੇ ਵਿਸ਼ੇ**

ਈਸਟ ਏਅਰਸ਼ਾਇਰ, ਖਾਣਾਂ ਅਤੇ ਉਤਪਾਦ ਉਦਯੋਗ ਦੇ ਇਤਾਹਾਸਕ ਘਾਟ ਨਾਲ਼ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਅਤੇ ਇਹ ਪ੍ਰਭਾਵ ਜਾਰੀ ਹੈ । ਪਰ ਇਹ ਆਸ ਕੀਤੀ ਜਾਂਦੀ ਹੈ ਕਿ 2010 ਤਕ ਨਵੀਆਂ ਨੌਕਰੀਆਂ ਵਿਚ 2 ਪ੍ਰਤਿਸ਼ਤ ਦਾ ਵਾਧਾ ਹੋਵੇਗਾ, ਉਤਪਾਦ ਉਦਯੋਗ ਦੇ ਅਗ੍ਹਾਂ 19 ਪ੍ਰਤਿਸ਼ਤ ਘੱਟ ਹੋਣ ਦੀ ਉਮੀਦ ਹੈ । 2006 ਦਸੰਬਰ ਵਿਚ, ਸਕਾਟਲੈਂਡ ਵਿਚ ਬੇਰੁਜ਼ਗਾਰੀ ਦੀ ਦਰ, ਕੌਮੀ ਔਸਤ ਦੀ 2.6 ਪ੍ਰਤਿਸ਼ਤ ਦੀ ਦਰ ਦੇ ਤੁਲਨਾ ਵਿਚ 3.8 ਪ੍ਰਤਿਸ਼ਤ ਅਤੇ ਛੇਵੀਂ ਸਭ ਤੋਂ ਉੱਚੇ ਸੀ । (ਸਾਧਨ NOMIS ਕਲੇਮੈਂਟ ਕਾਉਂਟ ਰੇਟਸ ਐਂਡ ਪ੍ਰਪੋਰਸ਼ਨਸ, ਜਨਵਰੀ 2007) ਇਹ ਔਸਤ ਅੰਕੜੇ ਖੇਤਰ ਵਿਚ ਉੱਚ ਪੱਧਰ ਦੀ ਬੇਰੁਜ਼ਗਾਰੀ ਅਤੇ ਗਰੀਬੀ ਨੂੰ ਲੁਕਾਉਂਦੇ ਹਨ ।

ਈਸਟ ਏਅਰਸ਼ਾਇਰ ਵਿਚ ਬਿਜ਼ਨਿਸ ਅਤੇ ਉਦਯੋਗ ਰੇਖਾਚਿਤ੍ਰ, ਸੇਵਾ, ਤਕਨੀਕ ਅਤੇ ਵਪਾਰ ਉਦਯੋਗ ਦੀ ਘੱਟ ਪ੍ਰਤੀਨਿੱਧਤਾ ਨਾਲ਼ ਪਛਾਨਿਆ ਜਾਂਦਾ ਹੈ । ਮਾੜੀ ਹਾਲਾਤਾਂ ਦੀ ਜ਼ਮੀਨ ਜੋ ਕਿ ਆਮਤੌਰ ਤੇ ਆਧੁਨਿਕ ਕੰਪਨਿਆਂ ਦੀ ਲੋੜਾਂ ਵਾਸਤੇ ਠੀਕ ਨਹੀਂ ਹੈ, ਅਤੇ ਗਲਾਸਗੋ ਵਰਗੇ ਸ਼ਹਿਰ ਤੋਂ ਵੀ ਬਹੁਤ ਦੂਰ ਹੈ ।

ਭਾਈਵਾਲ਼ ਅਰਥ ਵਿਵਸਥਾ ਨੂੰ ਪੂਰੀ ਤਰ੍ਹਾਂ ਵਧਾਉਣ ਲਈ ਵਚਨਬੱਧ ਹਨ, ਜਿਸ ਵਿਚ ਇੱਕ ਵਿਸ਼ੇਸ਼ ਕੇਂਦ੍ਰ ਬਿੰਦੂ ਵਪਾਰ ਅਤੇ ਉਦਯੋਗ ਵਾਸਤੇ ਕਿਲਾਮਾਰਨੌਕ ਅਤੇ M77 ਦੇ ਵੱਧਣ ਨਾਲ ਆਰਥਕ ਮੌਕਿਆਂ ਤੋਂ ਲਾਭ ਉਠਾਉਣਾ ਹੈ ਅਤੇ ਕੋਲੇ ਵਾਲਿਆਂ ਥਾਂਵਾਂ ਨੂੰ ਮੁੜ ਸਥਾਪਤ ਕਰਨਾ ਹੈ ।

ਸਾਡਾ ਉਦੇਸ਼ ਉਨ੍ਹਾਂ ਮੌਕਿਆਂ ਨੂੰ ਵਧਾਉਣਾ ਹੈ ਜੋ ਈਸਟ ਏਅਰਸ਼ਾਇਰ ਦੁਆਰਾ ਇਸ ਦੇ ਸੁਭਾਵਕ ਵਾਤਾਵਰਣ, ਵਿਰਸੇ ਅਤੇ ਸਭਿਆਚਾਰ, ਇਸ ਦੀ ਖੇਤਰੀ ਸੰਪਤੀ ਦੀ ਥਾਂ ਦੇ ਸੰਬੰਧ ਵਿਚ ਪੇਸ਼ ਕੀਤੇ ਗਏ ਹਨ । ਸਾਡੀ ਕੁੱਲ ਸੰਪੱਤੀ ਜਿਵੇਂ ਕਿ ਵੱਧ ਰਹੀਆਂ ਪ੍ਰਾਪਰਟੀ ਮਾਰਕਿਟਾਂ, ਉੱਚ ਯੋਗਤਾ ਦਾ ਸੁਭਾਵਕ ਵਾਤਾਵਰਣ, ਇੱਕ ਮਜ਼ਬੂਤ ਸਭਿਆਚਾਰਕ ਵਿਰਸਾ ਅਤੇ ਵਿਹਲੜ ਅਤੇ ਸੈਰ–ਸਪਾਟਾ ਕ੍ਰਿਆਵਾਂ ਪਛਾਣਿਆਂ ਗਈਆਂ ਹਨ ਅਤੇ ਸਾਨੂੰ ਇਸ ਨੀਂਹ ਤੇ ਉਸਾਰੀ ਕਰਨ ਦੀ ਲੋੜ ਹੈ ।

ਜਦ ਕਿ ਸਾਡੇ ਕੋਲ ਚੰਗੇ ਆਵਾਜਾਈ ਦੇ ਸਾਧਨ ਹਨ, ਆਵਾਜਾਈ ਦੇ ਸੰਬੰਧ ਵਿਚ ਵੰਗਾਰ ਇਹ ਹੈ ਕਿ ਸਾਨੂੰ ਇਕੱਠੇ ਅਤੇ ਸਾਧਨਾਂ ਦੀ ਵਰਤੋਂ ਕਰ ਆਵਾਜਾਈ ਦੇ ਪ੍ਰਬੰਧ ਨੂੰ ਅਗ੍ਹਾਂ ਵਧਾਉਣ ਦੀ ਲੋੜ ਹੈ ਤਾਂ ਜੋ ਅਸੀਂ ਟਾਉਨ ਸੈਂਟਰ ਵਿਸ਼ੇਸ਼ ਕਰ ਕਿਲਮਾਰਨੋਕ, ਈਸਟ ਏਅਰਸ਼ਾਇਰ ਦੇ ਵਿਚਕਾਰ ਅਤੇ ਇਸ ਤੋਂ ਪਰੇ ਸੜਕ ਅਤੇ ਰੇਲ ਦੇ ਜਾਲ ਨੂੰ ਵਧਾ ਕੇ ਪਹੁੰਚ ਨੂੰ ਕਾਇਮ ਕਰ ਸਕੀਏ । ਇਸ ਦੇ ਨਾਲ਼ ਹੀ M77 ਦੇ ਨਾਲ਼ ਵਧੀ ਹੋਈ ਪਹੁੰਚ ਬਹੁਤ ਜ਼ਰੂਰੀ ਹੈ ਤਾਂ ਜੋ ਭਾਈਚਾਰੇ ਗਲਾਸਗੋ ਵਰਗੇ ਵੱਡੇ ਪੱਧਰ ਤੇ ਸ਼ਹਿਰੀ ਵਿਕਾਸ ਦੇ ਮੌਕਿਆਂ ਦਾ ਲਾਭ ਉਠਾ ਸਕਨ । ਜਦ ਕਿ M74 ਦੀ ਪਹੁੰਚ ਨੂੰ ਵਧਾਉਣ ਦੇ ਨਾਲ ਦੱਖਣ ਅਤੇ ਬਾਕੀ ਦੇ ਸਕਾਟਲੈਂਡ ਤਕ ਪਹੁੰਚ ਕਰਨ ਦੀ ਸਹੂਲਤ ਪ੍ਰਦਾਨ ਹੋਵੇਗੀ ।

**ਗਰੀਬੀ ਅਤੇ ਵਾਂਝਾ ਰਹਿਣਾ**

ਈਸਟ ਏਅਰਸ਼ਾਇਰ ਵਿਚ ਸਕਾਟਲੈਂਡ ਦੇ ਔਸਤ ਉੱਚੇ ਪੱਧਰਾਂ ਦੀ ਗਰੀਬੀ ਹੈ । 2004 ਵਿਚ ਇਕੱਠੇ ਕੀਤੇ ਅੰਕੜੇ ਦਰਸ਼ਾਉਂਦੇ ਹਨ ਕਿ ਸਕਾਟਲੈਂਡ ਵਿਚ ਦੂਸਰੇ ਅਧਿਕਾਰਾਂ ਦੀ ਤੁਲਨਾ ਵਿਚ ਸੰਬੰਧਤ ਜਨਸੰਖਿਆ ਦੇ ਇੱਕ ਹਿੱਸੇ ਵਜੋਂ ਈਸਟ ਏਅਰਸ਼ਾਇਰ ਕੋਲ:

- ਉੱਚਤਮ ਸਮਾਨ ਹਿੱਸੇ ਦੇ ਬੇਰੁਜ਼ਗਾਰ ਲੋਕ ਫ਼ਾਇਦਿਆਂ ਦਾ ਦਾਅਵਾ ਕਰਦੇ ਹਨ;
- ਉੱਚਤਮ ਸਮਾਨ ਹਿੱਸੇ ਦੇ ਸੰਭਾਲਕਾਰ, ਕੇਅਰਰਜ਼ ਅਲਾਉਂਸ ਦਾ ਦਾਅਵਾ ਕਰਦੇ ਹਨ;
- ਦੂਸਰੇ ਨੰਬਰ ਤੇ ਉੱਚਤਮ ਸਮਾਨ ਹਿੱਸੇ ਦੇ ਇਕੱਲੇ ਮਾਤਾ–ਪਿਤਾ ਫ਼ਾਇਦਿਆਂ ਦਾ ਦਾਅਵਾ ਕਰਦੇ ਹਨ;
- ਚੌਥੇ ਨੰਬਰ ਤੇ ਉੱਚਤਮ ਸਮਾਨ ਹਿੱਸੇ ਦੇ ਘਰ, ਕੌਂਸਲ ਟੈਕਸ ਬੈਨਿਫ਼ਿਟ ਦਾ ਦਾਅਵਾ ਕਰਦੇ ਹਨ;
- ਪੰਜਵੇ ਨੰਬਰ ਤੇ ਉੱਚਤਮ ਸਮਾਨਾ ਹਿੱਸੇ ਦੇ ਘਰ ਹਾਊਜ਼ਿੰਗ ਬੈਨਿਫ਼ਿਟ ਦਾ ਦਾਅਵਾ ਕਰਦੇ ਹਨ;
- ਪੰਜਵੇ ਨੰਬਰ ਤੇ ਉੱਚਤਮ ਸਮਾਨ ਹਿੱਸੇ ਦੇ ਪਰਿਵਾਰਾਂ ਦੇ ਬੱਚੇ, ਬੈਨਿਫ਼ਿਟ ਦਾ ਦਾਅਵਾ ਕਰਦੇ ਹਨ;
- ਪੰਜਵੇ ਨੰਬਰ ਤੇ ਉੱਚਤਮ ਸਮਾਨ ਹਿੱਸੇ ਦੇ ਲੋਕ ਸਿੱਕ/ਡਿਸੇਬਿਲਿਟੀ ਬੈਨਿਫ਼ਿਟ ਦਾ ਦਾਅਵਾ ਕਰਦੇ ਹਨ;
- ਛੇਵੇਂ ਨੰਬਰ ਤੇ ਉੱਚਤਮ ਸਮਾਨ ਹਿੱਸੇ ਦੀ ਜਨਸੰਖਿਆ ਇੰਨਕਮ ਸਪੋਰਟ ਦਾ ਦਾਅਵਾ ਕਰਦੀ ਹੈ;
- ਛੇਵੇਂ ਨੰਬਰ ਤੇ ਉੱਚਤਮ ਸਮਾਨ ਹਿੱਸੇ ਦੇ ਬਜ਼ੁਰਗ ਲੋਕ, ਅਟੈਂਡੈਂਸ ਅਲਾਉਂਸ ਦਾ ਦਾਅਵਾ ਕਰਦੇ ਹਨ;
- ਸੱਤਵੇਂ ਨੰਬਰ ਦੇ ਉੱਚਤਮ ਸਮਾਨ ਹਿੱਸੇ ਦੇ ਲੋਕ, ਡਿਸੇਬਿਲਿਟੀ ਲਿਵਿੰਗ ਅਲਾਉਂਸ ਦਾ ਦਾਅਵਾ ਕਰਦੇ ਹਨ ।

ਸੂਚਨਾ: ਉੱਚਤਮ ਸਮਾਨ ਦਾ ਅਰਥ ਹੈ ਕਿ ਈਸਟ ਏਅਰਸ਼ਾਇਰ ਇਨ੍ਹਾਂ ਸ਼ਾਰਿਆਂ ਪਛਾਣਿਆਂ ਗਿਆਂ ਕ੍ਰਮਾਂ ਨੂੰ ਸਕਾਟਲੈਂਡ ਦੇ ਵਿਚ ਕਈ ਪ੍ਰਕਾਰ ਦੇ ਹੋਰਨਾਂ ਦੂਸਰੀਆਂ ਸਥਾਨਕ ਅਧਿਕਾਰਾਂ ਨਾਲ ਸਾਂਝਾਂ ਕਰਦੀ ਹੈ ।

ਸਾਧਨ: ਬੈਨਿਫ਼ਿਟਸ ਐਂਡ ਟੈਕਸ ਕ੍ਰੈਡਿਟਸ ਇਨ ਸਕਾਟਲੈਂਡ, ਫ਼ਰਵਰੀ 2004 ਦੀ ਰਿਪੋਰਟ –ਅ ਨੈਸ਼ਨਲ ਸਟੈਟਿਸਟਿਕਸ ਪਬਲਿਕੇਸ਼ਨ, ਸਕਾਟਿਸ਼ ਐਗਜ਼ੈਕਟਿਵ, ਸਤੰਬਰ 2004

ਸਕਾਟਲੈਂਡ ਦੀ 2006 ਦੀ ਜ਼ਿਆਦਾ ਗਰੀਬੀ ਦੀ ਅੰਤਿਕਾ ਦੱਸਦੀ ਹੈ ਕਿ ਈਸਟ ਏਅਰਸ਼ਾਇਰ ਦੇ 15 ਪ੍ਰਤਿਸ਼ਤ ਵਸਨੀਕ (ਲਗਭਗ 5 ਵਿਚੋਂ 1) ਸਕਾਟਲੈਂਡ ਦੇ ਸਭ ਤੋਂ ਜ਼ਿਆਦਾ ਗਰੀਬੀ ਦੇ ਇਲਾਕਿਆਂ ਵਿਚ ਰਹਿੰਦੇ ਹਨ ਅਤੇ ਸਾਡੇ ਕੋਲ ਅੱਠਵੇਂ ਨੰਬਰ ਦੀ ਸਭ ਤੋਂ ਵੱਡੀ ਹਿੱਸੇ ਦੀ ਜਨਸੰਖਿਆ ਗਰੀਬੀ ਦੀ ਸ਼੍ਰੇਣੀ ਵਿਚ ਹੈ । ਇਸ ਦੇ ਨਾਲ਼ ਹੀ, ਈਸਟ ਏਅਰਸ਼ਾਇਰ ਦੇ ਅੱਠ ਸਥਾਨਕ ਥਾਵਾਂ ਦੀ ਸਕਾਟਲੈਂਡ ਵਿਚ 5 ਪ੍ਰਤਿਸ਼ਤ ਸਭ ਤੋਂ ਵਾਂਝੇ ਇਲਾਕਿਆਂ ਦੇ ਰੂਪ ਵਿਚ ਅਤੇ 40 ਸਥਾਨਕ ਖੇਤਰਾਂ ਦੀ 20 ਪ੍ਰਤਿਸ਼ਤ ਸਭ ਤੋਂ ਵਾਂਝੇ ਰਹਿਣ ਵਾਲ਼ੇ ਇਲਾਕਿਆਂ ਦੇ ਰੂਪ ਵਿਚ ਪਛਾਣ ਕੀਤੀ ਗਈ ਹੈ । (ਸਾਧਨ: ਸਕਾਟਿਸ਼ ਇੰਡੈਕਸ ਆਫ਼ ਮਲਟਿਪਲ ਡੈਪਰਿਵਿਏਸ਼ਨ, 2006, ਸਕਾਟਿਸ਼ ਐਗਜ਼ੈਕਟਿਵ, ਅੱਕਤੂਬਰ 2006)

ਈਸਟ ਏਅਰਸ਼ਾਇਰ ਦੇ ਭਾਈਚਾਰਿਆਂ ਦੇ ਵਿਚ ਤਿੱਖਿਆਂ ਤੁਲਨਾਵਾਂ ਹਨ, ਜਿੱਥੇ ਕੁੱਝ ਗਰੀਬੀ ਦਾ ਅਹਿਸਾਸ ਕਰਦੇ ਹਨ ਅਤੇ ਕੁੱਝ ਭਾਈਚਾਰੇ ਦੌਲਤਮੰਦ ਹਨ । ਅਧਿਕਾਰ ਦੇ ਉੱਤਰ ਦੇ ਪਾਸੇ, ਉੱਚ ਪੱਧਰ ਦੀ ਗਰੀਬੀ ਦੀ ਹੋਂਦ ਹੈ, ਜਿਸ ਦੇ ਨਾਲ਼ ਦੂਰ ਰਹਿਣ ਵਾਲੀ ਦੌਲਤਮੰਦ ਜਨਸੰਖਿਆ ਨਿਵਾਸ ਕਰਦੀ ਹੈ, ਜਿਸ ਦਾ ਵੱਧਣਾ ਜਾਰੀ ਹੈ । ਭਾਈਵਾਲਾਂ ਵਾਸਤੇ, ਇਸ ਕਰਕੇ ਵੰਗਾਰ ਇਹ ਹੈ ਕਿ ਸਾਰਿਆਂ ਵਾਸਤੇ ਉੱਚ ਪੱਧਰ ਦੀਆਂ ਸੇਵਾਵਾਂ ਪ੍ਰਦਾਨ ਕਰਨੀਆਂ ਖਾਸ ਕਰ, ਜ਼ਿਆਦਾ ਵਾਂਝੇ ਰਹਿਣ ਵਾਲੇ ਭਾਈਚਾਰਿਆਂ ਵਿਚ ਜ਼ਿਆਦਾ ਸਾਧਨਾਂ ਦੇ ਟੀਚੇ ਮਿੱਥਣ ਦੁਆਰਾ, ਜੋ ਕਿ ਸਕਾਟਿਸ਼ ਇੰਡੈਕਸ ਆਫ਼ ਮਲਟਿਪਲ ਡੈਪਰੀਵਿਏਸ਼ਨ ਦੁਆਰਾ ਦੱਸੇ ਗਿਏ ਹਨ ਤਾਂ ਜੋ ਦੌਲਤਮੰਦ ਅਤੇ ਵਾਂਝੇ ਰਹੇ ਭਾਈਚਾਰਿਆਂ ਵਿਚ ਮੌਕਿਆਂ ਦੇ ਫ਼ਰਕ ਨੂੰ ਬੰਦ ਕੀਤਾ ਜਾ ਸਕੇ । ਪਰ ਸਾਡੇ ਕੋਲ ਅਲਗ ਤੋਂ ਗਰੀਬੀ ਨੂੰ ਖਤਮ ਕਰਨ ਵਾਸਤੇ ਐਕਸ਼ਨ ਪਲਾਨ ਹੈ, ਭਾਈਚਾਰਾ ਯੋਜਨਾ ਦਾ ਪ੍ਰਭਾਵ, ਗਰੀਬੀ ਅਤੇ ਬਾਹਰ ਕੱਢੇ ਜਾਣ ਤੇ ਹੋਵੇਗਾ ।

ਸਾਡੇ ਚਾਰ ਸਾਲਾਂ ਦੇ ਥਮੈਟਿਕ ਐਕਸ਼ਨ ਪਲਾਨ ਦਾ ਵਿਕਾਸ ਕਰਦੇ ਹੋਏ, ਭਾਈਵਾਲਾਂ ਨੇ ਉੱਤੇ ਦੱਸੀਆਂ ਗਈਆਂ ਸਾਰੀਆਂ ਵੰਗਾਰਾਂ ਬਾਰੇ ਧਿਆਨ, ਰੱਖਿਆ ਹੈ ਅਤੇ ਭਾਈਚਾਰਾ ਯੋਜਨਾ ਦੇ ਸਮੇਂ ਦੇ ਦੌਰਾਨ ਅਸੀਂ ਇਨ੍ਹਾਂ ਵਿਸ਼ਿਆਂ ਵੱਲ ਇਕੱਠੇ ਹੋ ਕੇ ਕੰਮ ਕਰਾਂਗੇ ।

## ਸਾਡੇ ਮੁੱਖ ਵਿਸ਼ੇ

2003 ਤੋਂ 2007 ਦੇ ਸਮੇਂ ਦੇ ਦੌਰਾਣ, ਅਸੀਂ ਕਈ ਪ੍ਰਕਾਰ ਦੇ ਕੰਮ ਅਗ੍ਹਾਂ ਲੈ ਕੇ ਗਏ ਹਨ ਅਤੇ ਸਾਡੇ ਭਾਈਚਾਰਿਆਂ ਦੇ ਕਈ ਵਿਸ਼ਿਆਂ ਨੂੰ ਇਕੱਠੇ ਮਿਲ ਕੇ ਨਜਿੱਠਣ ਦੀ ਅਰਥਪੂਰਣ ਕਾਮਯਾਬੀ ਦਰਸ਼ਾ ਸਕਦੇ ਹਾਂ । 2006 ਦੇ ਸ਼ੁਰੂ ਵਿਚ, ਅਸੀਂ ਭਾਈਚਾਰਾ ਯੋਜਨਾ ਦੇ ਅਗਲੇ ਚਾਰ ਸਾਲਾਂ ਦੀਆਂ ਸਾਡੀਆਂ ਪਹਿਲਾਂ ਦੇ ਸੰਬੰਧ ਵਿਚ ਭਾਈਚਾਰਿਆਂ, ਭਾਈਵਾਲਾਂ ਅਤੇ ਮੁੱਖ ਸਟੇਕਹੋਲਡਰਾਂ ਨਾਲ਼ ਗੱਲ ਕੀਤੀ ਹੈ । ਸਾਰਿਆਂ ਨੂੰ ਇਸ ਗੱਲ ਤੇ ਮੰਜ਼ੂਰੀ ਦਿੱਤੀ ਹੈ ਕਿ ਸਾਡੀਆਂ ਮੁੱਖ ਪਹਿਲਾਂ ਬਦਲੀਆਂ ਨਹੀਂ ਹਨ; ਇਸ ਕਰਕੇ 2007 ਤੋਂ 2011ਤੱਕ ਸਾਡੀਆਂ ਕੋਸ਼ਿਸ਼ਾਂ ਇਨ੍ਹਾਂ ਮੁੱਖ ਵਿਸ਼ਿਆਂ ਵੱਲ ਕੰਮ ਕਰਨਾ ਜਾਰੀ ਰੱਖਣਗੀਆਂ:

- ਭਾਈਚਾਰਾ ਪੜ੍ਹਾਈ ਨੂੰ ਵਧਾਵਾ ਦੇਣਾ
- ਮੌਕਿਆਂ ਨੂੰ ਸੁਧਾਰਨਾ
- ਭਾਈਚਾਰਾ ਸੁਰੱਖਿਆ ਨੂੰ ਸੁਧਾਰਨਾ
- ਸਿਹਤ ਨੂੰ ਸੁਧਾਰਨਾ
- ਗਰੀਬੀ ਨੂੰ ਹਟਾਉਣਾ
- ਵਾਤਾਵਰਣ ਨੂੰ ਸੁਧਾਰਨਾ

ਇਹ ਧਿਆਨ ਵਿੱਚ ਰੱਖਣ ਜ਼ਰੂਰੀ ਹੈ ਕਿ ਭਾਵੇਂ ਯੋਜਨਾ ਦੇ ਉਦੇਸ਼ਾਂ ਵਾਸਤੇ, ਵਿਸ਼ਿਆਂ ਦੇ ਅਧੀਨ, ਕੰਮ ਨੂੰ ਅਗ੍ਹਾਂ ਲੈ ਕੇ ਗਏ ਹਾਂ, ਅਸੀਂ ਇਨ੍ਹਾਂ ਵਿਸ਼ਿਆਂ ਦੇ ਦੋਹਰਾਏ ਜਾਣ ਦੀ ਪਛਾਣ ਕਰਦੇ ਹਾਂ ਅਤੇ ਇਹ ਨਿਸ਼ਚਿਤ ਕਰਾਂਗੇ ਕਿ ਸਾਡੇ ਸਪਨੇ ਦੀ ਪ੍ਰਾਪਤੀ ਦੀ ਜ਼ਰੂਰਤ ਵਾਸਤੇ ਕੜੀਆਂ ਪਛਾਣਿਆਂ ਗਈਆਂ ਹਨ ਅਤੇ ਉਨ੍ਹਾਂ ਦਾ ਪ੍ਰਬੰਧ ਕੀਤਾ ਗਿਆ ਹੈ । ਅਸੀਂ ਅਗਲੇ ਚਾਰ ਸਾਲਾਂ ਵਿਚ ਇਨ੍ਹਾਂ ਕੜੀਆਂ ਨੂੰ ਮਜ਼ਬੂਤ ਕਰਨ ਵਾਸਤੇ ਕੰਮ ਕਰਾਂਗੇ, ਖਾਸ ਕਰ ਸਿਹਤ ਅਤੇ ਗਰੀਬੀ ਵਾਸਤੇ ਅਤੇ ਮੁੜ ਸਥਾਪਨਾ ਦੇ ਵਿਸ਼ੇ ਬਾਰੇ ਵੀ ।

### ਭਾਈਚਾਰੇ ਦੀ ਪੜ੍ਹਾਈ ਨੂੰ ਵਧਾਵਾ ਦੇਣਾ

### ਉਦੇਸ਼

ਅਸੀਂ ਇਸ ਗੱਲ ਨੂੰ ਨਿਸ਼ਚਿਤ ਕਰਨ ਬਾਰੇ ਵਚਨਬੱਧ ਹਾਂ ਕਿ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਵਿਚ ਭਾਈਚਾਰੇ ਤੇ ਅਧਾਰਤ ਪੜ੍ਹਾਈ ਦੇ ਮੌਕੇ ਪ੍ਰਾਪਤ ਹੋਣ, ਅਤੇ ਇਨ੍ਹਾਂ ਦੁਆਰਾ, ਉਨ੍ਹਾਂ ਦੀ ਨਾਗਰਿਕਤਾ ਕ੍ਰਿਆਸ਼ੀਲ ਹੋਵੇ:

- ਭਾਈਚਾਰੇ ਤੇ ਅਧਾਰਤ ਸੰਸਥਾਵਾਂ ਦੇ ਵਿਕਾਸ ਅਤੇ ਕਾਇਮ ਰਹਿਣ ਨੂੰ ਵਧਾਵਾ ਦੇਣਾ;
- ਲੋਕਾਂ ਦੇ ਜੀਵਨ ਅਤੇ ਸੁੱਖਸਾਂਦ ਦੀ ਯੋਗਤਾ ਨੂੰ ਵਧਾਵਾ ਦੇ ਕੇ, ਉਨ੍ਹਾਂ ਨੂੰ ਪੜ੍ਹਾਈ ਦੇ ਮੌਕਿਆਂ ਦੀ ਪਹੁੰਚ ਕਰਨ ਨੂੰ ਵਧਾਵਾ ਦੇਣਾ;
- ਲੋਕਾਂ ਨੂੰ ਅੱਖਰ ਗਿਆਨ, ਸੰਖਿਆ ਗਿਆਨ ਅਤੇ ਆਈ ਸੀ ਟੀ (ICT) ਯੋਗਤਾਵਾਂ ਪ੍ਰਾਪਤ ਕਰਨ ਵਾਸਤੇ ਵਧਾਵਾ ਦੇਣਾ;
- ਸਾਰੇ ਭਾਈਵਾਲਾਂ ਦੁਆਰਾ ਭਾਈਚਾਰੇ ਦੇ ਵਿਕਾਸ ਅਤੇ ਪੜ੍ਹਾਈ ਵਾਸਤੇ ਹੋਂਦ ਵਿਚ ਰਹੀਆਂ ਭਾਈਚਾਰਾ ਸਹੂਲਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਨੀ;
- ਭਾਈਚਾਰੇ ਤੇ ਅਧਾਰਤ ਪੜ੍ਹਾਈ ਅਤੇ ਪ੍ਰਗਤੀਸ਼ੀਲ ਨਾਗਰਿਕਤਾ ਵਿਚ ਜਵਾਨ ਲੋਕਾਂ ਦੁਆਰਾ ਹਿੱਸੇਦਾਰੀ ਨੂੰ ਵਧਾਉਣਾ ।

**ਮੌਕਿਆਂ ਨੂੰ ਵਧਾਉਣਾ**

**ਉਦੇਸ਼**

ਅਸੀਂ ਇਨ੍ਹਾਂ ਦੁਆਰਾ ਮੌਕਿਆਂ ਦੇ ਸੁਧਾਰ ਵਾਸਤੇ ਵਚਨਬੱਧ ਹਾਂ:

- ਹੋਂਦ ਵਿਚ ਹੋਣ ਵਾਲੇ ਅਤੇ ਨਵੇਂ ਵਪਾਰ ਦੇ ਮੌਕਿਆਂ ਨੂੰ ਵਧਾਉਣਾ ਅਤੇ ਅੰਦਰੂਨੀ ਨਿਵੇਸ਼ ਅਤੇ ਵਪਾਰ ਦੀ ਥਾਂ ਵਿਚ ਮਦਦ ਕਰਨੀ;
- ਸਕੂਲਾਂ ਵਿਚ ਸਿੱਖਿਆ ਦੀ ਪ੍ਰਾਪਤੀ ਨੂੰ ਵਧਾਉਣਾ ਅਤੇ ਇਸ ਗੱਲ ਨੂੰ ਨਿਸ਼ਚਿਤ ਕਰਨਾ ਕਿ ਸਿੱਖਿਆ ਪ੍ਰਦਾਨ ਕਰਨ ਵਾਲ਼ੇ ਅਤੇ ਵਪਾਰ ਇਕੱਠੇ ਕੰਮ ਕਰਨ ਤਾਂ ਜੋ ਜਵਾਨ ਲੋਕਾਂ ਨੂੰ ਕੰਮ ਵਿਚ ਜਾਣ ਲਈ ਬੇਹਤਰ ਸ਼ੁਰੂਆਤ ਮਿਲ ਸਕੇ;
- ਜਿੱਥੇ ਯੋਗਤਾਵਾਂ ਵਿਚ ਕਮੀ ਹੈ, ਉਨ੍ਹਾਂ ਖੇਤਰਾਂ ਵਿਚ ਲੋੜਾਂ ਦੀ ਪਛਾਣ ਕਰਨ ਵਾਸਤੇ, ਰੁਜ਼ਗਾਰ ਦੀਆਂ ਲੋੜਾਂ ਨੂੰ ਸਮਝਣਾ ਜਾਂ ਜਿੱਥੇ ਭਵਿੱਖ ਵਿਚ ਅਜਿਹਾ ਹੋਣ ਦੀ ਸੰਭਾਵਨਾ ਹੈ ਅਤੇ ਇਨ੍ਹਾਂ ਘਾਟਾਂ ਦੀ ਪੂਰਤੀ ਕਰਨ ਵਾਸਤੇ ਸਿਖਲਾਈ ਦੀ ਪਹੁੰਚ ਨੂੰ ਵਧਾਵਾ ਦੇਣਾ;
- ਕਈ ਪ੍ਰਕਾਰ ਦੀਆਂ ਰੁਜ਼ਗਾਰ ਪਹਿਲਾਂ ਨੂੰ ਵਧਾਵਾ ਦੇਣਾ, ਜਿਸ ਵਿਚ ਸਵੈ–ਇੱਛਤ ਵਿਭਾਗ ਅਤੇ ਸਮਾਜਕ ਅਰਥ ਵਿਵਸਥਾ ਸ਼ਾਮਲ ਹੈ, ਜਿਸ ਦੀ ਉਸਾਰੀ ਭਾਈਚਾਰੇ ਦੀ ਮਦਦ ਵਾਸਤੇ ਕੀਤੀ ਗਈ ਹੈ;
- ਸੈਰ–ਸਪਾਟਾ, ਸਭਿਆਚਾਰ, ਅਤੇ ਵਿਹਲੜ, ਘਰ–ਸੰਬੰਧੀ ਅਤੇ ਪੇਂਡੂ ਭਿੰਨਤਾ ਦਾ ਵਿਕਾਸ ਕਰ ਈਸਟ ਏਅਰਸ਼ਾਇਰ ਦੇ ਵਿਚ ਨਿਵੇਸ਼ ਅਤੇ ਮੌਕਿਆਂ ਨੂੰ ਵਧਾਉਣਾ;
- ਈਸਟ ਏਅਰਸ਼ਾਈਰ ਦੇ ਵਿਚ ਆਵਾਜਾਈ ਦੇ ਹੱਲ ਪੇਸ਼ ਕਰਨਾ, ਖਾਸ ਕਰ ਪੇਂਡੂ ਇਲਾਕਿਆਂ ਵਿਚ, ਇਹ ਨਿਸਚਿਤ ਕਰਨਾ ਕਿ ਚੰਗੀ ਯੋਗਤਾ ਦੀ ਸਮਰੱਥ ਚੋਣਾਂ ਉਪੱਲਬਧ ਹਨ;
- ਸ਼ੁਰੂਆਤੀ ਸਿੱਖਿਆ ਅਤੇ ਬੱਚਿਆਂ ਦੀ ਸੰਭਾਲ ਦਾ ਵਿਕਾਸ ਪ੍ਰਦਾਨ ਕਰਨਾ, ਵਧਾਵਾ ਦੇਣਾ ਅਤੇ ਮਦਦ ਕਰਨੀ, ਜੋ ਬੱਚਿਆਂ ਅਤੇ ਪਰਿਵਾਰਾਂ ਦੀ ਮਦਦ ਕਰਦੀ ਹੈ ਅਤੇ ਮਾਤਾ–ਪਿਤਾ ਦੀ ਮਦਦ ਕਰਦੀ ਹੈ ਕਿ ਉਹ ਕੰਮ, ਸਿੱਖਲਾਈ, ਸਿੱਖਿਆ ਨਾਲ਼ ਜੀਵਨ ਦਾ ਤਾਲਮੇਲ ਬਿਠਾ ਸਕਨ ।

**ਭਾਈਚਾਰੇ ਦੀ ਸੁਰੱਖਿਆ ਵਿਚ ਸੁਧਾਰ ਕਰਨਾ**

**ਉਦੇਸ਼**

ਅਸੀਂ ਅਪਰਾਧ ਨੂੰ ਘਟਾ ਕੇ ਜਨਤਕ ਸੁਰੱਖਿਆ ਨੂੰ ਸੁਧਾਰ ਕੇ ਅਤੇ ਆਂਢ–ਗੁਆਂਢ ਅਤੇ ਘਰਾਂ ਦੀ ਸੁਰੱਖਿਆ ਨੂੰ ਸੁਧਾਰ ਕੇ ਸਾਰਿਆਂ ਉਮਰਾਂ ਦੇ ਲੋਕਾਂ ਵਾਸਤੇ ਰਹਿਣ, ਕੰਮ ਅਤੇ ਖੇਡਣ ਵਾਸਤੇ ਸੁਰੱਖਿਅਤ ਥਾਂਵਾਂ ਦੀ ਸਿਰਜਨਾ ਕਰਨ ਲਈ ਵਚਨਬੱਧ ਹਾਂ । ਅਸੀਂ ਇਨ੍ਹਾਂ ਦੁਆਰਾ ਅਜਿਹਾ ਕਰਾਂਗੇ:

- ਅਪਰਾਧ ਅਤੇ ਸਮਾਜ ਵਿਰੋਧੀ ਵਿਵਹਾਰ ਅਤੇ ਅਪਰਾਧ ਦੇ ਡਰ ਅਤੇ ਸਮਾਜ ਵਿਰੋਧੀ ਵਿਵਹਾਰ ਨੂੰ ਨਜਿੱਠਨਾ;
- ਜਵਾਨ ਲੋਕਾਂ ਨਾਲ਼ ਕੰਮ ਕਰਨਾ ਤਾਂ ਜੋ ਉਨ੍ਹਾਂ ਦੇ ਅਪਰਾਧ ਅਤੇ ਸਮਾਜ ਵਿਰੋਧੀ ਵਿਵਹਾਰ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਘਟਾਉਣਾ;
- ਆਂਢ–ਗੁਆਂਢ ਅਤੇ ਘਰਾਂ ਵਿਚ ਸੁਰੱਖਿਆ ਨੂੰ ਸੁਧਾਰਨਾ;
- ਬੱਚਿਆਂ ਦੀ ਸੁਰੱਖਿਆ ਅਤੇ ਕਮਜ਼ੋਰ ਵਿਅਸਕਾਂ ਦੀ ਸੁਰੱਖਿਆ ਨੂੰ ਵਧਾਵਾ ਦੇਣਾ ।

**ਸਿਹਤ ਵਿਚ ਸੁਧਾਰ ਕਰਨਾ**

**ਉਦੇਸ਼**

ਅਸੀਂ ਇਨ੍ਹਾਂ ਦੁਆਰਾ ਈਸਟ ਏਅਰਸ਼ਾਇਰ ਦੇ ਲੋਕਾਂ ਦੀ ਸਿਹਤ ਅਤੇ ਸੁੱਖ–ਸਾਂਦ ਵਿਚ ਸੁਧਾਰ ਕਰਨ ਲਈ ਵਚਨਬੱਧ ਹਾਂ:

- ਇਸ ਗੱਲ ਨੂੰ ਨਿਸ਼ਚਿਤ ਕਰਨਾ ਕਿ ਜਾਣਕਾਰੀ ਉਚਿੱਤ ਰੂਪ ਵਿਚ ਉੱਪਲਬਧ ਹੋਵੇ ਅਤੇ ਸੇਵਾਵਾਂ ਉਨ੍ਹਾਂ ਨੂੰ ਅਤੇ ਉਦੋਂ ਪ੍ਰਦਾਨ ਕੀਤੀਆਂ ਜਾਣ ਜਿਨ੍ਹਾਂ ਨੂੰ ਲੋੜ ਹੈ ਤਾਂ ਜੋ ਲੋਕ ਜੀਵਨ ਬਾਰੇ ਉਨ੍ਹਾਂ ਚੋਣਾਂ ਨੂੰ ਬਣਾ ਸਕਨ, ਜੋ ਲੋੜੀਂਦੀਆਂ ਹਨ;
- ਉਨ੍ਹਾਂ ਕਾਰਣਾਂ ਨੂੰ ਨਿਸ਼ਾਨਾ ਬਣਾਉਣਾ, ਜੋ ਪ੍ਰਚਲਿਤ ਸਿਹਤ ਦੀਆਂ ਮੁਸ਼ਕਲਾਂ ਵਿਚ ਹਿੱਸਾ ਪਾਉਂਦੇ ਹਨ ਅਤੇ ਈਸਟ ਏਅਰਸ਼ਾਇਰ ਵਿਚ ਵਾਂਝੇ ਰਹੇ ਲੋਕਾਂ ਵਾਸਤੇ ਸਿਹਤ ਦੀਆਂ ਸਮਾਨਤਾਵਾਂ ਵਾਸਤੇ ਸੰਘਰਸ਼ ਕਰਨਾ, ਅਤੇ ਕਮਜ਼ੋਰ ਲੋਕਾਂ ਵਾਸਤੇ ਸਹਾਰਾ ਅਤੇ ਸੰਭਾਲ ਸੇਵਾਵਾਂ ਵਿਚ ਸੁਧਾਰ ਕਰਨਾ ।

ਸੁਧਰਿਆ ਹੋਇਆ ਸਿਹਤ ਦਾ ਐਕਸ਼ਨ ਪਲਾਨ, ਈਸਟ ਏਅਰਸ਼ਾਇਰ ਵਾਸਤੇ ਸਾਂਝਾ ਸਿਹਤ ਸੁਧਾਰ ਯੋਜਨਾ ਵਜੋਂ ਕੰਮ ਕਰਦਾ ਹੈ ।

**ਗਰੀਬੀ ਨੂੰ ਖਤਮ ਕਰਨਾ**
**ਉਦੇਸ਼**

ਅਸੀਂ ਗਰੀਬੀ ਨੂੰ ਖਤਮ ਕਰਨ ਵਾਸਤੇ ਇਨ੍ਹਾਂ ਦੁਆਰਾ ਕੰਮ ਕਰਨਾ ਜਾਰੀ ਰੱਖਾਂਗੇ:

- ਵਿੱਤ ਦੇ ਸ਼ਾਮਲ ਹੋਣ ਨੂੰ ਵਧਾਵਾ ਦੇਣਾ, ਖਾਸ ਕਰ ਸਭ ਤੋਂ ਵਾਂਝੇ ਰਹੇ ਭਾਚਾਰੀਆਂ ਦੇ ਵਿਚਕਾਰ;
- ਸੰਭਾਲਕਾਰਾਂ ਨੂੰ ਸਹਾਰਾ ਦੇਣਾ;
- ਗਰੀਬੀ, ਘਰ, ਮਾੜੀ ਸਿਹਤ ਅਤੇ ਮੌਕਿਆਂ ਦੇ ਵਿਚ ਸੰਬੰਧਾਂ ਨੂੰ ਨਜਿੱਠਣਾ; ਅਤੇ
- ਉਨ੍ਹਾਂ ਪ੍ਰਬੰਧਾਂ ਦੀ ਮਦਦ ਕਰਨੀ ਅਤੇ ਸੁਧਾਰਨਾ ਜੋ ਫ਼ਾਇਦਿਆਂ, ਕਰਜ਼ੇ ਦੀ ਸਲਾਹ ਅਤੇ ਪੈਸੇ ਦੀ ਸਲਾਹ ਤੋਂ ਵਿੱਤ ਨੂੰ ਵਧਾਉਣ ਵਾਸਤੇ ਜ਼ਿੰਮੇਵਾਰ ਹਨ ।

**ਵਾਤਾਵਰਣ ਨੂੰ ਸੁਧਾਰਨਾ**

ਅਸੀਂ ਹੇਠ ਲਿੱਖੇ ਦੁਆਰਾ ਵਾਤਾਵਰਣ ਨੂੰ ਸੁਧਾਰਨ ਵਾਸਤੇ ਜ਼ਿੰਮੇਵਾਰ ਹਾਂ:

- ਸੁਭਾਵਕ ਵਾਤਾਵਰਣ ਨੂੰ ਜਾਰੀ ਵਿਕਾਸ ਰਾਹੀਂ ਮੁੜ ਸਥਾਪਨਾ ਕਰਨੀ, ਬਚਾਉਣਾ ਅਤੇ ਸੁਧਾਰਨਾ;
- ਫ਼ਿਰ ਤੋਂ ਵਰਤੋਂ ਕਰਨ ਵਾਲੇ ਕੂੜੇ–ਕਰਕਟ ਦੀ ਮਾਤ੍ਰਾ ਨੂੰ ਵਧਾਉਣਾ;
- ਸਾਡੇ ਘਰਾਂ, ਫ਼ੈਕਟਰੀਆਂ ਅਤੇ ਇਮਾਰਤਾਂ ਨੂੰ ਜ਼ਿਆਦਾ ਊਰਜਾ ਪ੍ਰਭਾਵਸ਼ਾਲੀ ਬਨਾਉਣਾ ਅਤੇ ਨਵੇਂ ਕੀਤੇ ਜਾ ਸਕਨ ਵਾਲ਼ੇ ਊਰਜਾ ਦੇ ਸਾਧਨਾਂ ਦੀ ਵਰਤੋਂ ਨੂੰ ਵਧਾਉਣਾ;
- ਸਾਡੇ ਭਾਈਚਾਰੇ ਵਿਚ ਰਹਿਣ ਵਾਲੇ ਸਾਰਿਆਂ ਦੀ ਘਰਾਂ ਦੀ ਲੋੜਾਂ ਦੀ ਪੂਰਤੀ ਕਰਨ ਦੀ ਲੋੜ ਨੂੰ ਯਕੀਨੀ ਬਨਾਉਣ ਵਾਸਤੇ ਕੰਮ ਕਰਨਾ;
- ਆਵਾਜਾਈ ਦੇ ਵਾਤਾਵਰਣ ਦੇ ਅਸਰ ਨੂੰ ਘਟਾ ਕੇ, ਅਜਿਹੇ ਵਾਤਾਵਰਣ ਪ੍ਰਬੰਧ ਦਾ ਵਿਕਾਸ ਕਰਨਾ, ਜੋ ਕੌਮੀ, ਖੇਤਰੀ ਅਤੇ ਸਥਾਨਕ ਲੋੜਾਂ ਦੀ ਪੂਰਤੀ ਕਰ ਸਕੇ;
- ਸਾਡੇ ਟਾਉਨ ਸੈਂਟਰ ਅਤੇ ਪਿੰਡਾਂ ਦੀ ਮੁੜ ਸਥਾਪਨਾ ਕਰਨਾ ਅਤੇ ਖਾਲੀ ਅਤੇ ਮਾੜੀਆਂ ਹਾਲਾਤਾਂ ਵਾਲੀਆਂ ਇਮਾਰਤਾਂ ਨਾਲ਼ ਨਜਿੱਠਨਾ;
- ਕੂੜਾ–ਕਰਕਟ, ਉਜਾੜੇ ਨੂੰ ਘਟਾਉਣ ਵਾਸਤੇ ਪ੍ਰਬੰਧ ਕਰਨੇ ਅਤੇ ਮੁਸ਼ਕਲਾਂ ਨਾਲ ਛੇਤੀ ਨਾਲ਼ ਨਜਿੱਠਣਾ;
- ਯਾਤਰੀਆਂ ਦੇ ਵੇਖਣ ਵਾਲੀਆਂ ਥਾਂਵਾਂ ਦਾ ਵਿਕਾਸ ਕਰਨਾ ਅਤੇ ਵਿਹਲੜ ਅਤੇ ਸਭਿਆਚਾਰਕ ਕੰਮਾਂ ਵਿਚ ਨਿਵੇਸ਼ ਕਰਨਾ ।

## ਭਾਈਚਾਰਾ ਯੋਜਨਾ – ਜਾਰੀ ਰਹਿਣ ਵਾਲਾ ਮੁੜ–ਵਿਚਾਰ

ਜਿਹੜਾ ਕਾਰਜਕ੍ਰਮ 2009 ਨੂੰ ਹੋਣਾ ਤੈਅ ਹੋਇਆ ਹੈ, ਉਸ ਕਾਰਜਕ੍ਰਮ ਦੇ ਮੱਧ ਦੇ ਕੇਂਦ੍ਰ ਬਿੰਦੂ ਦੇ ਰੂਪ ਵਿਚ ਚਾਰ ਸਾਲ ਦੇ ਥਮੇਟਿਕ ਐਕਸ਼ਨ ਪਲਾਨ ਰਸਮੀ ਮੁੜ ਵਿਚਾਰ ਦੇ ਨਾਲ, ਭਾਈਚਾਰਾ ਯੋਜਨਾ ਦੇ ਭਾਈਵਾਲ, ਸਾਲਾਨਾ ਆਧਾਰ ਤੇ ਕੰਮ ਦੀ ਰਿਪੋਰਟ ਤੇ ਮੁੜ–ਵਿਚਾਰ ਦੇਣਾ ਜਾਰੀ ਰੱਖਣਗੇ ।

ਚਾਰ ਸਾਲ ਦੇ ਅਧਾਰ ਤੇ ਭਾਈਚਾਰਾ ਯੋਜਨਾ ਦੇ ਮੁੜ ਵਿਚਾਰ ਦੀ ਵਚਨਬੱਧਤਾ ਅਗਲੇ ਰਸਮੀ ਮੁੜ ਵਿਚਾਰ, ਜੋ ਕਿ 2011 ਵਿਚ ਹੋਣਾ ਤੈਅ ਹੋਇਆ ਹੈ, ਦੇ ਨਾਲ਼ ਕੰਮ ਕਰੇਗੀ ।

**ਜ਼ਿਆਦਾ ਜਾਣਕਾਰੀ**

ਈਸਟ ਏਅਰਸ਼ਾਇਰ ਦੇ ਕਮਿਊਨਿਟੀ ਪਲਾਨ ਅਤੇ ਰੀਵਿਊ ਸਪਲੀਮੈਂਟ 2006/07 ਦੇ ਨਾਲ਼ ਛੇ ਐਕਸ਼ਨ ਪਲਾਨ, ਇੱਕ ਚੰਗੇ ਅਭਿਆਸ ਦੀ ਸੂਚਨਾ ਪੁਸਤਕ ਅਤੇ ਨੰਬਰਾਂ ਦੇ ਨਾਲ਼ ਐਸਟ ਏਅਰਸ਼ਾਇਰ ਹੈ । ਇਨ੍ਹਾਂ ਦਸਤਾਵੇਜ਼ਾਂ ਦਾ ਪੂਰਾ ਸੰਗ੍ਰਹਿ, ਤੁਹਾਡੀ ਸਥਾਨਕ ਲਾਈਬ੍ਰੇਰੀ, ਸਥਾਨਕ ਦਫ਼ਤਰ, www.eastayreshirecommunityplan.org ਤੇ ਲਾਗ ਆਨ ਕਰਨ ਤੇ ਉਪਲਬਧ ਹੈ ।

ਕਮਿਊਨਿਟੀ ਪਲਾਨ ਅਤੇ ਰੀਵਿਊ ਸਪਲੀਮੈਂਟ 2006/07, ਔਡਿਉ ਕੈਸੇਟ ਵਿਚ ਵੀ ਉੱਪਲਬਧ ਹੈ, ਜਿਸ ਦੀ ਇੱਕ ਨਕਲ, ਤੁਹਾਡੀ ਸਥਾਨਕ ਲਾਈਬ੍ਰੇਰੀ, ਸਥਾਨਕ ਦਫਤਰ, ਲ਼ਾਗ ਆਨ ਕਰਨ www.eastayreshirecommunityplan.org ਤੇ ਵੱਡੇ ਅੱਖਰਾਂ ਵਿਚ ਉਪਲਬਧ ਹੈ ।

ਈਸਟ ਏਅਰਸ਼ਾਇਰ ਦੀ ਭਾਈਚਾਰਕ ਯੋਜਨਾ ਅਤੇ ਮੁੜ ਵਿਚਾਰ ਪੱਤਰ 2006/07, ਦਾ ਉਰਦੂ, ਪੰਜਾਬੀ, ਚੀਨੀ, ਗੇਲਿਕ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ ਅਤੇ ਲ਼ਾਗ ਆਨ ਕਰਨ www.eastayreshirecommunityplan.org ਤੇ ਉਪਲਬਧ ਹੈ ।

ਈਸਟ ਏਅਰਸ਼ਾਇਰ ਵਿਚ ਭਾਈਚਾਰਕ ਯੋਜਨਾ ਬਾਰੇ ਜ਼ਿਆਦਾ ਜਾਣਕਾਰੀ ਵਾਸਤੇ ਲਾਗ ਆਨ www.eastayreshirecommunityplan.org ਕਰੋ ਜਾਂ ਸੰਪਰਕ ਕਰੋ:

Community Planning and Partnership Unit
East Ayreshire Council Headquarters
London Road
Kilmarnock
KA3 7BU
ਟੈਲੀਫ਼ੋਨ: 01563  576000
ਈ–ਮੇਲ: communityplanning@east-ayreshire.gov.uk